ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post

To view our online newspaper visit punjabipost.ca/epaper | Vol 21* Issue 204 | Friday, October 21, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ


**ਕੈਨੇਡੀਅਨ ਪੰਜਾਬੀ ਪੋਸਟ ਅਦਾਰੇ ਵੱਲੋਂ ਸਮੂਹ ਕੈਨੇਡਾ ਵਾਸੀਆਂ, ਪਾਠਕਾਂ ਅਤੇ ਕਾਰੋਬਾਰੀਆਂ ਨੂੰ ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਲੱਖ-ਲੱਖ ਮੁਬਾਰਕਾਂ। ਅਦਾਰਾ ਇਹ ਕਾਮਨਾ ਕਰਦਾ ਹੈ ਕਿ ਆਉਣ ਵਾਲਾ ਸਮਾਂ ਸਭ ਲਈ ਖ਼ੁਸ਼ੀਆਂ ਤੇ ਤਰੱਕੀਆਂ ਲੈਕੇ ਆਵੇ।**

## ਵਾਅਨ 'ਚ ਦੂਹਰੇ ਗੋਲੀਕਾਂਡ ਨੂੰ ਅੰਜ਼ਾਮ ਦੇਣ ਵਾਲੇ ਮਸ਼ਕੂਕਾਂ ਦੀ ਪੁਲਿਸ ਨੂੰ ਭਾਲ

ਵਾਅਨ, 20 ਅਕਤੂਬਰ (ਪੋਸਟ ਬਿਊਰੋ) : ਵੀਰਵਾਰ ਸਵੇਰੇ ਵਾਅਨ ਵਿੱਚ ਵਾਪਰੇ ਦੂਹਰੇ ਗੋਲੀਕਾਂਡ ਤੋਂ ਬਾਅਦ ਪੁਲਿਸ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ। ਇਹ ਘਟਨਾ ਸਵੇਰੇ 3:00 ਵਜੇ ਹਾਈਵੇਅ 7 ਤੇ ਵੈਸਟਨ ਰੋਡ ਉੱਤੇ ਵਾਪਰੀ। ਪੁਲਿਸ ਨੇ ਦੱਸਿਆ ਕਿ ਦੋ ਵਿਅਕਤੀਆਂ ਨੂੰ ਉਸ ਸਮੇਂ ਗੋਲੀ ਮਾਰੀ ਗਈ ਜਦੋਂ ਉਹ ਗੱਡੀ ਵਿੱਚ ਸਨ। ਪੁਲਿਸ ਨੂੰ ਮੌਕੇ ਤੋਂ ਦੋ ਵਿਅਕਤੀ ਗੋਲੀ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਮਿਲੇ। ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ। ਉਨ੍ਹਾਂ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ। ਅਜੇ ਤੱਕ ਕਿਸੇ ਮਸ਼ਕੂਕ ਦੇ ਸਬੰਧ ਵਿੱਚ ਕੋਈ ਵੇਰਵਾ ਜਾਰੀ ਨਹੀਂ ਕੀਤਾ ਗਿਆ। ਜਾਂਚ ਲਈ ਵੈਸਟਨ ਰੋਡ ਨੂੰ ਦੋਵਾਂ ਪਾਸਿਆਂ ਤੋਂ ਬੰਦ ਕਰ ਦਿੱਤਾ ਗਿਆ ਸੀ ਪਰ ਬਾਅਦ ਵਿੱਚ ਖੋਲ੍ਹ ਦਿੱਤਾ ਗਿਆ।

## ਯੂਕੇ ਦੀ ਪ੍ਰਧਾਨ ਮੰਤਰੀ ਲਿਜ਼ ਟਰੱਸ ਨੇ ਅਹੁਦੇ ਤੋਂ ਦਿੱਤਾ ਅਸਤੀਫਾ



ਲੰਡਨ, 20 ਅਕਤੂਬਰ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਦੇ ਅਹੁਦੇ ਉੱਤੇ ਮਹਿਜ 45 ਦਿਨ ਰਹਿਣ ਤੋਂ ਬਾਅਦ ਬ੍ਰਿਟਿਸ਼ ਪ੍ਰਧਾਨ ਮੰਤਰੀ ਲਿਜ਼ ਟਰੱਸ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇਣ ਦਾ ਐਲਾਨ ਕਰ ਦਿੱਤਾ ਹੈ। ਵੀਰਵਾਰ ਨੂੰ ਟਰੱਸ ਨੇ ਇਹ ਐਲਾਨ 10 ਡਾਊਨਿੰਗ ਸਟਰੀਟ ਤੋਂ ਕੀਤਾ। ਜ਼ਿਕਰਯੋਗ ਹੈ ਕਿ ਟਰੱਸ ਦੀਆਂ ਆਰਥਿਕ ਯੋਜਨਾਵਾਂ ਕਾਰਨ ਪੈਦਾ ਹੋਈ ਉਥਲ ਪੁਥਲ ਕਾਰਨ ਵੱਡੀ ਗਿਣਤੀ ਵਿੱਚ ਬ੍ਰਿਟਿਸ਼ ਨੀਤੀਘਾੜੇ ਟਰੱਸ ਤੋਂ ਅਸਤੀਫੇ ਦੀ ਮੰਗ ਕਰ ਰਹੇ ਸਨ।

## ਪਾਕਿਸਤਾਨ ਤੋਂ ਕੈਨੇਡਾ ਪਹੁੰਚੇ ਅਫਗਾਨੀ ਰਫਿਊਜੀਆਂ ਦਾ ਫਰੇਜ਼ਰ ਨੇ ਕੀਤਾ ਸਵਾਗਤ



ਓਟਵਾ, 20 ਅਕਤੂਬਰ (ਪੋਸਟ ਬਿਊਰੋ) : ਕੈਨੇਡਾ ਸਰਕਾਰ ਘੱਟ ਤੋਂ ਘੱਟ 40,000 ਅਫਗਾਨੀ ਨਾਗਰਿਕਾਂ ਨੂੰ ਜਲਦ ਤੋਂ ਜਲਦ ਮੁੜ ਸੈਟਲ ਕਰਨ ਲਈ ਸਖ਼ਤ ਮਿਹਨਤ ਕਰਨੀ ਜਾਰੀ ਰੱਖੇਗੀ। ਸਰਕਾਰ ਜਲਦ ਤੋਂ ਜਲਦ ਇਹ ਕੰਮ ਨੇਪਰੇ ਚੜ੍ਹਾਉਣਾ ਚਾਹੁੰਦੀ ਹੈ। ਹੁਣ ਤੱਕ 22,581 ਅਫਗਾਨੀ ਨਾਗਰਿਕ ਕੈਨੇਡਾ ਪਹੁੰਚ ਚੁੱਕੇ ਹਨ।

ਅੱਜ ਇਮੀਗ੍ਰੇਸ਼ਨ ਮੰਤਰੀ ਸ਼ੌਨ ਫਰੇਜ਼ਰ ਨੇ ਪਾਕਿਸਤਾਨ ਤੋਂ ਚਾਰਟਰ ਫਲਾਈਟ ਰਾਹੀਂ ਹੈਲੀਫੈਕਸ ਪਹੁੰਚੇ 311 ਅਫਗਾਨੀ ਨਾਗਰਿਕਾਂ ਦਾ ਸਵਾਗਤ ਕੀਤਾ। ਇਸ ਫਲਾਈਟ ਵਿੱਚ ਸਰਕਾਰ ਵੱਲੋਂ ਸਹਿਯੋਗ ਪ੍ਰਾਪਤ ਰਫਿਊਜੀ, ਪ੍ਰਾਈਵੇਟ ਤੌਰ ਉੱਤੇ ਸਪਾਂਸਰਡ ਰਫਿਊਜੀ ਤੇ ਅਫਗਾਨੀ ਲੋਕਾਂ ਦੇ ਪਰਿਵਾਰਕ ਮੈਂਬਰ, ਜਿਨ੍ਹਾਂ ਨੇ ਕੈਨੇਡਾ ਸਰਕਾਰ ਲਈ ਕੰਮ ਕੀਤਾ,ਆਏ। ਅੱਜ ਪਹੁੰਚੇ ਅਫਗਾਨੀ ਮੈਂਬਰ ਕੈਨੇਡਾ ਭਰ ਦੀਆਂ 20 ਕਮਿਊਨਿਟੀਜ਼ ਵਿੱਚ ਸੈਟਲ ਹੋਣਗੇ ਤੇ ਇਨ੍ਹਾਂ ਵਿੱਚ ਟੋਰਾਂਟੋ (ਓਨਟਾਰੀਓ), ਫਰੈਡਰਿਕਟਨ ਤੇ ਸੇਂਟ ਜੌਹਨ (ਨਿਊ ਬਰੰਜ਼ਵਿੱਕ) ਸ਼ਾਮਲ ਹਨ। ...ਬਾਕੀ ਪੰਨਾ 5 'ਤੇ

## ਸਕੂਲ ਜਾਣ ਵਾਲੇ ਹਰ ਵਿਦਿਆਰਥੀ ਦੇ ਮਾਪਿਆਂ ਨੂੰ ਫੋਰਡ ਸਰਕਾਰ ਦੇਵੇਗੀ 250 ਡਾਲਰ



ਓਨਟਾਰੀਓ, 20 ਅਕਤੂਬਰ (ਪੋਸਟ ਬਿਊਰੋ) : ਪ੍ਰੋਵਿੰਸ਼ੀਅਲ ਐਜੂਕੇਸ਼ਨ ਵਰਕਰਜ਼ ਦੀ ਹੜਤਾਲ ਦੇ ਮੱਦੇਨਜ਼ਰ ਫੋਰਡ ਸਰਕਾਰ ਵੱਲੋਂ ਮਾਪਿਆਂ ਨੂੰ ਵਾਧੂ ਦੀ ਵਿੱਤੀ ਮਦਦ ਲਈ ਅਪਲਾਈ ਕਰਨ ਲਈ ਆਖਿਆ ਜਾ ਰਿਹਾ ਹੈ। ਇਹ ਵਿੱਤੀ ਮਦਦ ਸਰਕਾਰ ਵੱਲੋਂ ਪਲੈਨ ਟੂ ਕੈਚ ਅੱਪ ਪ੍ਰੋਗਰਾਮ ਰਾਹੀਂ ਕੀਤੀ ਜਾਵੇਗੀ। ਇਸ ਪਲੈਨ ਤਹਿਤ ਪੜ੍ਹਾਈ ਵਿੱਚ ਮਦਦ, ਵਿਦਿਆਰਥੀਆਂ ਲਈ ਜ਼ਰੂਰੀ ਸਪਲਾਈਜ਼ ਜਾ ਵਿਦਿਆਰਥੀਆਂ ਦੀ ਪੜ੍ਹਾਈ ਲਈ ਹੋਰ ਸਾਜ਼ੋ ਸਮਾਨ ਮੁਹੱਈਆ ਕਰਵਾਇਆ ਜਾਵੇਗਾ।

...ਬਾਕੀ ਪੰਨਾ 4 'ਤੇ


JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

Fair Advice Financial | Carle Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
416-724-5000

GURBIR CHAHAL Sales Representative
416.566.7605
gurbir.chahal@yahoo.com
ROYAL LEPAGE Flower City Realty Off: 905.230.3100

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI 416.994.7272
www.allkindinsurance.com

OURR HOME & APPLIANCES
UPGRADE TO SMART SCREEN FRIDGE IN JUST $499
FALL For Ourr Exclusive Deals
PRICE $4699
KitchenAid Maytag LG SAMSUNG Electrolux JENNAIR BOSCH Whirlpool
416-551-5553
WWW.OURRHOMEAPPLIANCES.COM

Pure Vegetarian
MUFFIN'S INDIAN SWEETS & RESTAURANT
CALL (905)794-3007
NOW OPEN AT EMBASSY GRAND PLAZA
#6-8770 THE GORE RD, BRAMPTON, ON L6P 0B1
SPECIAL OFFER
FREE CHOLE BHATURE WHEN YOU SPEND OVER $20
TIFFEN SERVICES ARE ALSO AVAILABLE

INSURANCE
Home
Auto
Business
Trucking
Life Insurance
Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
Open Saturday
25 Cherrycrest Drive, Unit # 6 Brampton, ON, L6P 3W4
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫ਼ਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

KELLEY LAW OFFICE
Immigration
Family Law
Corporate
Real Estate
Business Closing
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Brokerage Lic 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

Royal Pest Control
Residential Commercial Industrial
Specialist in Bedbugs Service
All Pest Control :
Mouse & Rats
Cockroaches
Spiders & Fleas
Carpenter Ants
Bedbugs
Silver Fish
Wasps
Racoons
Call : PARESH PATEL
416 938 4598

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

MANN LAW FIRM
Real Estate Law
Wills & Estates
Power of Attorney
Affidavits Notarization / Declaration
Business Law
Family Law
Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# ਗ੍ਰੀਨਹਾਊਸ ਗੈਸਾਂ ਦੇ ਰਿਸਾਅ ਨੂੰ ਘਟਾਉਣ ਦਾ ਟੀਚਾ ਪੂਰਾ ਕਰਨ ਦੀ ਟਰੂਡੋ ਨੇ ਦਿੱਤੀ ਗਰੰਟੀ

ਓਟਵਾ, 20 ਅਕਤੂਬਰ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਮੰਗਲਵਾਰ ਨੂੰ ਆਖਿਆ ਕਿ ਉਹ ਗਰੰਟੀ ਦਿੰਦੇ ਹਨ ਕਿ ਕੈਨੇਡਾ ਇਸ ਵਾਰੀ ਆਪਣਾ ਤਾਜ਼ਾ ਕਲਾਈਮੇਟ ਟੀਚਾ ਪੂਰਾ ਕਰਕੇ ਹੀ ਸਾਹ ਲਵੇਗਾ। ਉਨ੍ਹਾਂ ਆਖਿਆ ਕਿ ਇਸ ਵਾਰੀ ਸਾਡੀ ਯੋਜਨਾ ਬਹੁਤ ਪੁਖ਼ਤਾ ਹੈ ਜੋ ਦਰਸਾਉਂਦੀ ਹੈ ਕਿ ਅਸੀਂ ਇਹ ਟੀਚਾ ਕਿਵੇਂ ਪੂਰਾ ਕਰਨਾ ਹੈ।



1988 ਵਿੱਚ ਕੈਨੇਡਾ ਨੇ ਅੱਠ ਵੱਖ ਵੱਖ ਗ੍ਰੀਨਹਾਊਸ ਗੈਸਾਂ ਦੇ ਰਿਸਾਅ ਨੂੰ ਘਟਾਉਣ ਦਾ ਟੀਚਾ ਮਿਥਿਆ ਸੀ। ਇਨ੍ਹਾਂ ਵਿੱਚੋਂ ਛੇ ਆਈਆਂ ਪਰ ਉਨ੍ਹਾਂ ਨੂੰ ਪੂਰਾ ਨਹੀਂ ਕੀਤਾ ਜਾ ਸਕਿਆ। ਅਗਲਾ ਟੀਚਾ 2030 ਲਈ ਤੈਅ ਕੀਤਾ ਗਿਆ ਹੈ। ਇਸ ਲਈ ਕੈਨੇਡਾ ਨੂੰ 2005 ਦੇ ਬਰਾਬਰ ਆਪਣੀਆਂ ਗ੍ਰੀਨਹਾਊਸ ਗੈਸਾਂ ਦੇ ਰਿਸਾਅ ਨੂੰ ਲਿਆਉਣਾ ਹੋਵੇਗਾ, ਜਿਸ ਤੋਂ ਭਾਵ ਹੈ ਕਿ ਇਸ ਰਿਸਾਅ ਨੂੰ 55 ਤੋਂ 60 ਫੀ ਸਦੀ ਘਟਾਉਣਾ ਹੋਵੇਗਾ। ਇਹ ਪਿਛਲੇ ਟੀਚੇ ਨਾਲੋਂ ਕਿਤੇ ਵੱਡਾ ਹੈ।

2020 ਵਿੱਚ ਰਿਸਾਅ ਦੇ ਪੱਧਰ ਦੇ ਆਧਾਰ ਉੱਤੇ ਇਸ ਨਵੇਂ ਟੀਚੇ ਨੂੰ ਪੂਰਾ ਕਰਨ ਤੋਂ ਮਤਲਬ ਹੋਵੇਗਾ ਕਿ ਹਰ ਸਾਲ ਕੈਨੇਡਾ ਨੂੰ 23 ਮਿਲੀਅਨ ਟੰਨ ਗੈਸਾਂ ਦੇ ਰਿਸਾਅ ਨੂੰ ਖ਼ਤਮ ਕਰਨਾ ਹੋਵੇਗਾ। ਇਸ ਦਾ ਜੇ ਸਿੱਧਾ ਹਿਸਾਬ ਲਾਇਆ ਜਾਵੇ ਤਾਂ ਇਹ ਹਰ 12 ਮਹੀਨਿਆਂ ਵਿੱਚ ਇਸ ਦਹਾਕੇ ਦੇ ਅੰਤ ਤੱਕ ਪੰਜ ਮਿਲੀਅਨ ਕਾਰਾਂ ਨੂੰ ਸੜਕਾਂ ਤੋਂ ਉਤਾਰਨ ਦੇ ਬਰਾਬਰ ਹੋਵੇਗਾ।

ਇਹ ਪੁੱਛੇ ਜਾਣ ਉੱਤੇ ਕੀ ਕੈਨੇਡਾ ਇਹ ਟੀਚਾ ਪੂਰਾ ਕਰ ਲਵੇਗਾ, ਤਾਂ ਟਰੂਡੋ ਨੇ ਕਿਹਾ ਹਾਂ ਬਿਲਕੁਲ। ਟਰੂਡੋ ਨੇ ਆਖਿਆ ਕਿ ਕਿ ਕੈਨੇਡਾ ਦੇ ਐਮਿਸ਼ਨਜ਼ ਰਿਡਕਸ਼ਨ ਪਲੈਨ, ਜੋ ਮਾਰਚ ਵਿੱਚ ਪਬਲਿਸ਼ ਹੋਇਆ ਸੀ, ਅਜਿਹਾ ਰੋਡ ਮੈਪ ਮੁਹੱਈਆ ਕਰਵਾਉਂਦਾ ਹੈ ਜਿਸ ਨਾਲ ਇਹ ਨਵਾਂ ਟੀਚਾ ਹਾਸਲ ਕੀਤਾ ਜਾ ਸਕਦਾ ਹੈ।

# ਲਿਬਰਲਾਂ ਦਾ ਜੀਐਸਟੀ ਛੋਟ ਸਬੰਧੀ ਬਿੱਲ ਹੋਇਆ ਪਾਸ

ਓਟਵਾ, 20 ਅਕਤੂਬਰ (ਪੋਸਟ ਬਿਊਰੋ) : ਲਿਬਰਲਾਂ ਵੱਲੋਂ ਪੇਸ਼ ਕੀਤਾ ਗਿਆ ਜੀਐਸਟੀ ਛੋਟ ਬਿੱਲ ਪਾਸ ਹੋ ਗਿਆ ਹੈ, ਜਿਸ ਨਾਲ ਜੀਐਸਟੀ ਛੋਟ ਹਾਸਲ ਕਰਨ ਵਾਲੇ ਲੋਕਾਂ ਨੂੰ ਇਸ ਸਾਲ ਇੱਕ ਹੋਰ ਚੈੱਕ ਮਿਲਣ ਦੀ ਉਮੀਦ ਬੱਝ ਗਈ ਹੈ।



ਲਿਬਰਲ ਸਰਕਾਰ ਦਾ ਬਿੱਲ ਸੀ-30 ਮੰਗਲਵਾਰ ਨੂੰ ਕਾਨੂੰਨ ਬਣ ਗਿਆ। ਇਸ ਬਿੱਲ ਦੇ ਪਾਸ ਹੋਣ ਨਾਲ ਅਗਲੇ ਛੇ ਮਹੀਨਿਆਂ ਲਈ ਲੋਕਾਂ ਨੂੰ ਬੈਨੇਫਿਟ ਦੀ ਦੁੱਗਣੀ ਰਕਮ ਹਾਸਲ ਹੋਵੇਗੀ। ਰਹਿਣੀ ਸਹਿਣੀ ਉੱਤੇ ਆ ਰਹੀ ਅੰਤਾਂ ਦੀ ਲਾਗਤ ਕਾਰਨ ਪੈਦਾ ਹੋਏ ਸੰਕਟ ਨੂੰ ਖ਼ਤਮ ਕਰਨ ਲਈ ਲਿਬਰਲਾਂ ਵੱਲੋਂ ਕੁੱਝ ਸਮੇਂ ਪਹਿਲਾਂ ਹਾਊਸ ਆਫ ਕਾਮਨਜ਼ ਵਿੱਚ ਇਹ ਬਿੱਲ ਪੇਸ਼ ਕੀਤਾ ਗਿਆ ਸੀ। ਮੰਗਲਵਾਰ ਨੂੰ ਇੱਕ ਮਹੀਨੇ ਤੋਂ ਵੀ ਘੱਟ ਸਮੇਂ ਵਿੱਚ ਇਹ ਬਿੱਲ ਸੈਨੇਟ ਵਿੱਚ ਪਾਸ ਹੋ ਗਿਆ।

ਜਿਹੜੇ ਕੈਨੇਡੀਅਨ ਜੀਐਸਟੀ ਛੋਟ ਲਈ ਯੋਗ ਹਨ, ਉਨ੍ਹਾਂ ਨੂੰ ਛੋਟ ਦੇ ਚੈੱਕ ਜਿੰਨੀ ਹੀ ਉੱਕੀ ਪੁੱਕੀ ਰਕਮ ਅਕਤੂਬਰ ਤੇ ਜਨਵਰੀ ਵਿੱਚ ਹਾਸਲ ਹੋਵੇਗੀ। ਇਸ ਤੋਂ ਪਹਿਲਾਂ ਸਰਕਾਰ ਨੇ ਇਹ ਸੰਕੇਤ ਦਿੱਤਾ ਸੀ ਕਿ ਬਿੱਲ ਨੂੰ ਸ਼ਾਹੀ ਮਨਜ਼ੂਰੀ ਮਿਲਣ ਤੋਂ ਬਾਅਦ ਅਦਾਇਗੀਆਂ ਲਈ ਤਿੰਨ ਤੋਂ ਚਾਰ ਹਫਤਿਆਂ ਦਾ ਸਮਾਂ ਲੱਗੇਗਾ।

# ਟੈਕਸੀ ਸਕੈਮ ਦੇ ਸਬੰਧ ਵਿੱਚ 14 ਸਾਲਾ ਲੜਕਾ ਗ੍ਰਿਫਤਾਰ

ਟੋਰਾਂਟੋ, 20 ਅਕਤੂਬਰ (ਪੋਸਟ ਬਿਊਰੋ): ਟੈਕਸੀ ਕੈਬ ਸਕੈਮ ਦੀ ਜਾਂਚ ਦੇ ਸਬੰਧ ਵਿੱਚ ਟੋਰਾਂਟੋ ਪੁਲਿਸ ਵੱਲੋਂ ਇੱਕ 14 ਸਾਲਾ ਲੜਕੇ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

17 ਅਕਤੂਬਰ ਨੂੰ ਅਧਿਕਾਰੀਆਂ ਨੂੰ ਸਕਾਰ-ਬਰੋ ਵਿੱਚ ਮਾਰਖਮ ਰੋਡ ਤੇ ਲਾਅਰੈਂਸ ਐਵਨਿਊ ਈਸਟ ਏਰੀਆ ਵਿੱਚ ਇੱਕ ਮਾਲ ਦੇ ਪਾਰਕਿੰਗ ਲੌਟ ਵਿੱਚ ਵਾਪਰੀ ਸਕੈਮ ਦੀ ਇੱਕ ਘਟਨਾ ਬਾਬਤ ਜਾਣੂ ਕਰਵਾਇਆ ਗਿਆ।ਇਸ ਸਕੈਮ ਬਾਰੇ ਟੋਰਾਂਟੋ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਸ ਤਰ੍ਹਾਂ ਦੇ ਮਸ਼ਕੂਕ ਸੰਘਣੇ ਟਰੈਫਿਕ, ਜਿਵੇਂ ਕਿ ਮਾਲ ਦਾ ਪਾਰਕਿੰਗ ਲੌਟ ਹੋਵੇ, ਵਾਲੇ ਏਰੀਆ ਵਿੱਚ ਟੈਕਸੀ ਨਾਲ ਮੇਲ ਖਾਂਦੀ ਗੱਡੀ ਪਾਰਕ ਕਰ ਦਿੰਦੇ ਹਨ ਜਿੱਥੇ ਇੱਕ ਮਸ਼ਕੂਕ ਡਰਾਈਵਰ ਤੇ ਦੂਜਾ ਕਸਟਮਰ ਬਣ ਕੇ ਘੁੰਮਦੇ ਹਨ।

ਦੋਵੇਂ ਮਸ਼ਕੂਕ ਕੋਵਿਡ-19 ਕਾਰਨ ਕੈਬ ਵਿੱਚ ਕੈਸ਼ ਅਦਾਇਗੀ ਨਾ ਸਵੀਕਾਰੇ ਜਾਣ ਦੇ ਮੁੱਦੇ ਉੱਤੇ ਲੜਨ ਦਾ ਨਾਟਕ ਕਰਦੇ ਹਨ। ਫਿਰ ਕੋਈ ਵੀ ਵਿਅਕਤੀ ਕੈਸ਼ ਬਦਲੇ ਆਪਣੇ ਕ੍ਰੈਡਿਟ ਜਾਂ ਡੈਬਿਟ ਕਾਰਡ ਨਾਲ ਕਸਟਮਰ ਲਈ ਪੈਸਿਆਂ ਦੀ ਅਦਾਇਗੀ ਕਰ ਦਿੰਦਾ ਹੈ। ਇਨ੍ਹਾਂ ਵਿਅਕਤੀਆਂ ਵੱਲੋਂ ਇਸ ਵਿਅਕਤੀ ਦਾ ਧਿਆਨ ਭਟਕਾ ਕੇ ਉਸ ਦੇ ਕਾਰਡ ਨੂੰ ਕਿਸੇ ਹੋਰ ਕਾਰਡ ਨਾਲ ਬਦਲ ਦਿੱਤਾ ਜਾਂਦਾ ਹੈ। ਸੋਧੀ ਹੋਈ ਮਸ਼ੀਨ ਵਿੱਚ ਉਸ ਵਿਅਕਤੀ ਦਾ ਕਾਰਡ ਪਾਇਆ ਜਾਂਦਾ ਹੈ ਤੇ ਉਹ ਮਸ਼ੀਨ ਉਸ ਵਿਅਕਤੀ ਦੇ ਡੈਬਿਟ ਜਾਂ ਕ੍ਰੈਡਿਟ ਕਾਰਡ ਦਾ ਡਾਟਾ ਤੇ ਪਿੰਨ ਨੰਬਰ ਰਿਕਾਰਡ ਕਰ ਲੈਂਦੀ ਹੈ।

ਫਿਰ ਉਸ ਵਿਅਕਤੀ ਦੇ ਕਾਰਡ ਦੀ ਜਾਣਕਾਰੀ ਇੱਕਠੀ ਕਰਕੇ ਮਸ਼ਕੂਕ ਜਾਅਲੀ ਢੰਗ ਨਾਲ ਪੈਸਿਆਂ ਦਾ ਲੈਣ ਦੇਣ ਕਰਦੇ ਹਨ। ਪੁਲਿਸ ਨੂੰ ਇਸ ਤਰ੍ਹਾਂ ਦੀ ਜਾਅਲੀ ਟੈਕਸੀ ਕੈਬ ਦੀ ਖਬਰ 17 ਅਕਤੂਬਰ ਨੂੰ ਮਿਲੀ। ਇਸ ਉਪਰੰਤ ਪੁਲਿਸ ਵੱਲੋਂ ਇੱਕ 14 ਸਾਲਾ ਲੜਕੇ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਯੂਥ ਕ੍ਰਿਮੀਨਲ ਜਸਟਿਨ ਐਕਟ ਤਹਿਤ ਉਸ ਦੀ ਪਛਾਣ ਜਾਹਰ ਨਹੀਂ ਕੀਤੀ ਗਈ। ਇਸ ਤੋਂ ਦੋ ਦਿਨ ਪਹਿਲਾਂ ਇੱਕ ਮਹਿਲਾ ਨੇ ਇਹ ਦਾਅਵਾ ਕੀਤਾ ਸੀ ਕਿ ਟੋਰਾਂਟੋ ਵਿੱਚ ਇੱਕ ਟੀਨੇਜਰ ਲੜਕਾ ਉਸ ਕੋਲ ਆਇਆ ਸੀ ਤੇ ਉਸ ਨੇ ਉਸ ਨੂੰ ਆਪਣੀ ਟੈਕਸੀ ਕੈਬ ਦੀ ਅਦਾਇਗੀ ਆਪਣੇ ਡੈਬਿਟ ਜਾਂ ਕ੍ਰੈਡਿਟ ਕਾਰਡ ਨਾਲ ਕਰਨ ਲਈ ਮਿੰਨਤ ਵੀ ਕੀਤੀ ਸੀ।



ਜਦੋਂ ਉਸ ਮਹਿਲਾ ਨੇ ਆਪਣੇ ਕਾਰਡ ਨਾਲ ਅਦਾਇਗੀ ਕੀਤੀ ਤਾਂ ਉਸ ਨੇ ਪਾਇਆ ਕਿ ਉਸ ਨੂੰ ਮੋੜਿਆ ਗਿਆ ਕਾਰਡ ਉਸ ਦਾ ਨਹੀਂ ਸੀ ਤੇ ਉਸ ਨੇ ਡਰਾਈਵਰ ਨੂੰ ਉਸ ਦਾ ਅਸਲੀ ਕਾਰਡ ਮੋੜਨ ਲਈ ਆਖਿਆ। ਪਰ ਦੋਵੇਂ ਮਸ਼ਕੂਕ ਉਸ ਨੂੰ ਠਿੱਠ ਕਰਨ ਲੱਗੇ ਕਿ ਉਸ ਨੂੰ ਪਤਾ ਲੱਗ ਗਿਆ ਹੈ ਕਿ ਕਾਰਡ ਉਸ ਦਾ ਨਹੀਂ ਹੈ। ਫਿਰ ਦੋਵੇਂ ਗੱਡੀ ਵਿੱਚ ਬੈਠ ਕੇ ਮਾਸਕ ਪਾ ਕੇ ਆਖਣ ਲੱਗੇ ਕਿ ਉਹ ਉਨ੍ਹਾਂ ਦੀ ਪਛਾਣ ਬਾਰੇ ਪਤਾ ਨਹੀਂ ਲਾ ਸਕੇਗੀ। ਪਰ ਮਹਿਲਾ ਨੇ ਸਾਰੀ ਗੱਲਬਾਤ ਫੋਨ ਉੱਤੇ ਰਿਕਾਰਡ ਕਰ ਲਈ ਤੇ ਇਸ ਘਟਨਾ ਦੀ ਵੀਡੀਓ ਵੀ ਬਣਾ ਲਈ। ਫਿਰ ਉਸ ਵੱਲੋਂ ਇਹ ਵੀਡੀਓ ਟਿੱਕ ਟਾਕ ਉੱਤੇ ਵੀ ਵਾਇਰਲ ਕੀਤੀ ਗਈ।

# ਲੈਵੈਲ ਵਿੱਚ 2 ਬੱਚਿਆਂ ਦੀ ਮੌਤ ਦੇ ਸਬੰਧ ਵਿੱਚ ਪੰਜਾਬੀ ਪਿਤਾ ਨੂੰ ਕੀਤਾ ਗਿਆ ਚਾਰਜ

ਲੈਵੈਲ, 20 ਅਕਤੂਬਰ (ਪੋਸਟ ਬਿਊਰੋ) : ਆਪਣੇ ਦੋ ਬੱਚਿਆਂ ਦੀ ਜਾਨ ਲੈਣ ਵਾਲੇ ਲੈਵੈਲ, ਕਿਊਬਿਕ ਦੇ 45 ਸਾਲਾ ਵਿਅਕਤੀ ਨੂੰ ਫਰਸਟ ਡਿਗਰੀ ਮਰਡਰ ਦੇ ਦੋ ਮਾਮਲਿਆਂ ਵਿੱਚ ਮੰਗਲਵਾਰ ਨੂੰ ਚਾਰਜ ਕੀਤਾ ਗਿਆ।




ਇਸ ਵਿਅਕਤੀ ਕਮਲਜੀਤ ਅਰੋੜਾ ਨੂੰ ਆਪਣੀ ਪਤਨੀ ਰਮਾ ਰਾਣੀ ਅਰੋੜਾ ਦਾ ਕਥਿਤ ਤੌਰ ਉੱਤੇ ਗਲਾ ਘੁੱਟ ਕੇ ਕਤਲ ਕਰਨ ਦੇ ਮਾਮਲੇ ਵਿੱਚ ਹਮਲੇ ਲਈ ਵੀ ਚਾਰਜ ਕੀਤਾ ਗਿਆ। ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਹ ਸੋਮਵਾਰ ਰਾਤ ਨੂੰ ਹੋਈ ਘਰੇਲੂ ਹਿੰਸਾ ਦਾ ਮਾਮਲਾ ਲੱਗ ਰਿਹਾ ਹੈ।

ਗੁਆਂਢੀ ਐਨੀ ਕਾਰਪੇਂਟੀਅਰ ਅਨੁਸਾਰ ਸੱਭ ਤੋਂ ਪਹਿਲਾਂ ਘਰ ਦੀ ਵੱਡੀ ਬੱਚੀ ਨੇ ਪੁਲਿਸ ਨੂੰ ਇਸ ਹਿੰਸਾ ਤੋਂ ਆਗਾਹ ਕਰਵਾਇਆ। ਕਾਰਪੇਂਟੀਅਰ ਉਸ ਸਮੇਂ ਆਪਣੇ ਕੰਮ ਤੋਂ ਘਰ ਆ ਰਹੀ ਸੀ ਜਦੋਂ ਟੀਨੇਜਰ ਉਸ ਦੇ ਘਰ ਆਈ ਤੇ ਉਸ ਨੇ ਉਸ ਨੂੰ 911 ਉੱਤੇ ਕਾਲ ਕਰਨ ਲਈ ਆਖਿਆ। ਜਦੋਂ ਪੁਲਿਸ ਮੌਕੇ ਉੱਤੇ ਪਹੁੰਚੀ ਤਾਂ ਉਨ੍ਹਾ ਨੂੰ 11 ਸਾਲਾ ਲੜਕਾ ਤੇ 13 ਸਾਲਾ ਲੜਕੀ ਬੁਰੀ ਤਰ੍ਹਾਂ ਜ਼ਖ਼ਮੀ ਹਾਲਤ ਵਿੱਚ ਮਿਲੇ। ਦੋਵਾਂ ਬੱਚਿਆਂ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਉਨ੍ਹਾਂ ਦੇ ਪਿਤਾ ਨੂੰ ਵੀ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਦੀ ਹਾਲਤ ਹੁਣ ਸਥਿਰ ਦੱਸੀ ਜਾ ਰਹੀ ਹੈ।

ਕਾਰਪੇਂਟੀਅਰ ਨੇ ਦੱਸਿਆ ਕਿ ਇਹ ਪਰਿਵਾਰ ਕੁੱਝ ਮਹੀਨੇ ਪਹਿਲਾਂ ਹੀ ਇੱਥੇ ਆਇਆ ਸੀ ਤੇ ਉਹ ਆਮ ਪਰਿਵਾਰਾਂ ਵਾਂਗ ਹੀ ਨਜ਼ਰ ਆਉਂਦੇ ਸਨ।ਕਿਊਬਿਕ ਦੇ ਪ੍ਰੀਮੀਅਰ ਫਰੈਂਕੋਇਸ ਲੀਗਾਲਟ ਨੇ ਵੀ ਟਵਿੱਟਰ ਉੱਤੇ ਇਸ ਘਟਨਾ ਦੇ ਸਬੰਧ ਵਿੱਚ ਦੁੱਖ ਸਾਂਝਾ ਕੀਤਾ।ਦੋਵੇਂ ਬੱਚੇ ਲੈਵੈਲ ਵਿੱਚ ਪਿਏਰ-ਲੈਪੋਰਟ ਤੇ ਸੇਂਟ ਮਾਰਟਿਨ ਸਕੂਲਾਂ ਵਿੱਚ ਪੜ੍ਹਦੇ ਸਨ।

# ਯੂਨੀਅਨ ਤੇ ਪ੍ਰੋਵਿੰਸ਼ੀਅਲ ਸਰਕਾਰ ਦਰਮਿਆਨ ਗੱਲਬਾਤ ਵਿੱਚ ਮੁੜ ਆਈ ਖੜੋਤ



ਓਨਟਾਰੀਓ, 20 ਅਕਤੂਬਰ (ਪੋਸਟ ਬਿਊਰੋ) : ਓਨਟਾਰੀਓ ਵਿੱਚ ਐਜੂਕੇਸ਼ਨਲ ਸਪੋਰਟ ਸਟਾਫ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਤੇ ਪ੍ਰੋਵਿੰਸ਼ੀਅਲ ਸਰਕਾਰ ਦਰਮਿਆਨ ਗੱਲਬਾਤ ਵਿੱਚ ਇੱਕ ਵਾਰੀ ਫਿਰ ਖੜੋਤ ਆ ਗਈ ਹੈ। ਪਰ ਗੱਲਬਾਤ ਨੂੰ ਜਾਰੀ ਰੱਖਣ ਲਈ ਨਵੀਂ ਤਰੀਕ ਮਿਥ ਲਈ ਗਈ ਹੈ। ਓਨਟਾਰੀਓ ਵਿੱਚ 55,000 ਦੇ ਨੇੜੇ ਤੇੜੇ ਐਜੂਕੇਸ਼ਨ ਵਰਕਰਜ਼, ਜਿਨ੍ਹਾਂ ਵਿੱਚ ਕਸਟੋਡੀਅਨਜ਼, ਅਰਲੀ ਚਾਈਲਡਹੁੱਡ ਐਜੂਕੇਟਰਜ਼ ਤੇ ਐਡਮਨਿਸਟ੍ਰੇਸ਼ਨ ਸਟਾਫ ਸ਼ਾਮਲ ਹਨ, 3 ਨਵੰਬਰ ਨੂੰ ਉਸ ਸੂਰਤ ਵਿੱਚ ਕਾਨੂੰਨੀ ਤੌਰ ਉੱਤੇ ਹੜਤਾਲ ਕਰਨ ਦੀ ਸਥਿਤੀ ਵਿੱਚ ਹੋਣਗੇ ਜੇ ਦੋਵੇਂ ਧਿਰਾਂ ਵਿਚਾਲੇ ਡੀਲ ਸਿਰੇ ਨਹੀਂ ਚੜ੍ਹਦੀ। ਇਸ ਦੌਰਾਨ ਵਿਚੋਲੇ ਦੀ ਮਦਦ ਨਾਲ ਗੱਲਬਾਤ ਮੁੜ ਪਹਿਲੀ ਨਵੰਬਰ ਤੋਂ ਸ਼ੁਰੂ ਕਰਨ ਦੀ ਅਪੀਲ ਕੀਤੀ ਗਈ ਹੈ।

# ਛੁਰੇਬਾਜ਼ੀ ਵਿੱਚ ਮਹਿਲਾ ਜ਼ਖ਼ਮੀ

ਟੋਰਾਂਟੋ, 20 ਅਕਤੂਬਰ (ਪੋਸਟ ਬਿਊਰੋ) : ਬੁੱਧਵਾਰ ਸਵੇਰੇ ਟੋਰਾਂਟੋ ਵਿੱਚ ਵਾਪਰੀ ਛੁਰੇਬਾਜ਼ੀ ਦੀ ਘਟਨਾ ਤੋਂ ਬਾਅਦ ਇੱਕ ਮਹਿਲਾ ਗੰਭੀਰ ਰੂਪ ਵਿੱਚ ਜ਼ਖ਼ਮੀ ਹੈ।

ਵੁੱਡਬਾਈਨ ਐਵਨਿਊ ਦੇ ਪੂਰਬ ਵਿੱਚ ਡੈਨਫੋਰਥ ਐਵਨਿਊ ਤੇ ਪੈਟ੍ਰਿਸ਼ੀਆ ਡਰਾਈਵ ਉੱਤੇ ਸਥਿਤ ਗੈਸ ਸਟੇਸ਼ਨ ਉੱਤੇ ਸਵੇਰੇ 4:42 ਉੱਤੇ ਪੁਲਿਸ ਨੂੰ ਸੱਦਿਆ ਗਿਆ। ਪੁਲਿਸ ਅਧਿਕਾਰੀਆਂ ਨੂੰ ਮੌਕੇ ਉੱਤੇ ਇੱਕ ਮਹਿਲਾ ਗੰਭੀਰ ਰੂਪ ਵੀ ਜ਼ਖ਼ਮੀ ਹਾਲਤ ਵਿੱਚ ਮਿਲੀ। ਉਸ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਘਟਨਾ ਤਕਰਾਰ ਤੋਂ ਬਾਅਦ ਵਾਪਰੀ। ਪੁਲਿਸ ਇੱਕ ਮਸ਼ਕੂਕ ਦੀ ਭਾਲ ਕਰ ਰਹੀ ਹੈ ਜਿਸ ਦਾ ਕੱਦ ਪੰਜ ਫੁੱਟ ਦਸ ਇੰਚ ਹੈ ਜਿਸਦੇ ਗੂੜ੍ਹੇ ਰੰਗ ਦੇ ਕੱਪੜੇ ਪਾਏ ਹੋਏ ਸਨ।

ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਇਸ ਲਈ ਡੈਨਫੋਰਥ ਐਵਨਿਊ ਨੂੰ ਦੋਵਾਂ ਪਾਸਿਆਂ ਤੋਂ ਬੰਦ ਕਰ ਦਿੱਤਾ ਗਿਆ ਹੈ।

# ਫਲੀਟੈਕਸ ਟਰਾਂਸਪੋਰਟ ਲਿਮਟਿਡ ਨੇ ਓਸਲਰ ਫਾਊਂਡੇਸ਼ਨ ਨੂੰ ਦਾਨ ਕੀਤੇ 100,000 ਡਾਲਰ

ਬਰੈਂਪਟਨ, 20 ਅਕਤੂਬਰ (ਪੋਸਟ ਬਿਊਰੋ) : ਵਿਲੀਅਮ ਓਸਲਰ ਹੈਲਥ ਸਿਸਟਮ (ਓਸਲਰ) ਵਿਖੇ ਇਕਿਉਪਮੈਂਟਸ ਦੀ ਲੋੜ ਤੇ ਉੱਥੇ ਚੱਲ ਰਹੇ ਰੀਡਿਵੈਲਪਮੈਂਟ ਪ੍ਰੋਜੈਕਟਸ ਵਿੱਚ ਮਦਦ ਲਈ ਫਲੀਟੈਕਸ ਟਰਾਂਸਪੋਰਟ ਲਿਮਟਿਡ ਵੱਲੋਂ 100,000 ਡਾਲਰ ਦਾ ਗਿਫਟ ਵਿਲੀਅਮ ਓਸਲਰ ਹੈਲਥ ਸਿਸਟਮ ਫਾਊਂਡੇਸ਼ਨ (ਓਸਲਰ ਫਾਊਂਡੇਸ਼ਨ) ਨੂੰ ਦੇਣ ਦਾ ਐਲਾਨ ਕੀਤਾ ਗਿਆ ਹੈ।

ਫਲੀਟੈਕਸ ਟਰਾਂਸਪੋਰਟ ਲਿਮਟਿਡ ਦੇ ਪ੍ਰੈਜ਼ੀਡੈਂਟ ਅਮਰਜੀਤ ਸਿੰਘ ਗਰਚਾ ਦੀ ਮਾਤਾ ਮਰਹੂਮ ਹਰਬੰਸ ਕੌਰ ਗਰਚਾ ਦੀ ਯਾਦ ਵਿੱਚ ਇਹ ਤੁਹਫਾ ਗਰਚਾ ਪਰਿਵਾਰ ਵੱਲੋਂ ਦਿੱਤਾ ਗਿਆ। ਮਾਤਾ ਹਰਬੰਸ ਕੌਰ ਦੀ ਓਸਲਰ ਵਿੱਚ ਚੰਗੀ ਦੇਖਭਾਲ ਕੀਤੀ ਗਈ ਸੀ।ਇਸ ਮੌਕੇ ਅਮਰਜੀਤ ਸਿੰਘ ਗਰਚਾ ਨੇ ਆਖਿਆ ਕਿ ਓਸਲਰ ਵਿੱਚ ਗੁਜ਼ਾਰੇ ਸਮੇਂ ਦੌਰਾਨ ਉਨ੍ਹਾਂ ਦੀ ਮਾਤਾ ਜੀ ਦੀ ਕੀਤੀ ਗਈ ਤੀਮਾਰਦਾਰੀ ਤੋਂ ਉਹ ਬਹੁਤ ਪ੍ਰਭਾਵਿਤ ਹੋਏ। ਉਨ੍ਹਾਂ ਆਖਿਆ ਕਿ ਅਸੀਂ ਚਾਹੁੰਦੇ ਹਾਂ ਕਿ ਕਮਿਊਨਿਟੀ ਵਿੱਚ ਹਰ ਕਿਸੇ ਨੂੰ ਇਸ ਤਰ੍ਹਾਂ ਦੀ ਸੇਵਾ ਸੰਭਾਲ ਮਿਲੇ ਤੇ ਇਸੇ ਲਈ ਇਹ ਡੋਨੇਸ਼ਨ ਦੇਣਾ ਉਨ੍ਹਾਂ ਲਈ ਕਾਫੀ ਅਹਿਮ ਸੀ।




ਜਿਨ੍ਹਾਂ ਕਮਿਊਨਿਟੀਜ਼ ਦੀ ਓਸਲਰ ਵੱਲੋਂ ਸੇਵਾ ਕੀਤੀ ਜਾਂਦੀ ਹੈ ਉਹ ਪ੍ਰੋਵਿੰਸ ਦੀ ਔਸਤ ਨਾਲੋਂ ਤਿੰਨ ਗੁਣਾਂ ਤੇਜ਼ੀ ਨਾਲ ਵਿਕਸਤ ਹੋ ਰਹੀਆਂ ਹਨ ਤੇ ਆਬਾਦੀ ਦੇ ਗੰਭੀਰ ਰੂਪ ਵਿੱਚ ਬਿਮਾਰ ਪੈਣ ਦਾ ਖਤਰਾ ਵੀ ਦਿਨੋਂ ਦਿਨ ਵੱਧ ਰਿਹਾ ਹੈ। ਦਿਲ, ਗੁਰਦੇ ਤੇ ਡਾਇਬਟੀਜ਼ ਦੇ ਮਰੀਜ਼ਾਂ ਦੀ ਗਿਣਤੀ ਵਿੱਚ ਵੀ ਵਾਧਾ ਵੇਖਣ ਨੂੰ ਮਿਲਿਆ ਹੈ। ਅਗਲੇ 20 ਸਾਲਾਂ ਵਿੱਚ ਸਾਡੀ ਕਮਿਊਨਿਟੀ ਦੇ ਇੱਕ ਜਾਂ ਦੋ ਮੈਂਬਰ ਕੈਂਸਰ ਤੋਂ ਵੀ ਗ੍ਰਸਤ ਪਾਏ ਜਾਣਗੇ। ਇਸ ਲਈ ਅਜਿਹੇ ਮਰੀਜ਼ਾਂ ਦੀ ਵਧੇਰੇ ਸਾਂਭ ਸੰਭਾਲ ਦੀ ਲੋੜ ਨੂੰ ਧਿਆਨ ਵਿੱਚ ਰੱਖਦਿਆਂ ਓਸਲਰ ਆਉਣ ਵਾਲੇ ਸਾਲਾਂ ਵਿੱਚ ਹੈਲਥ ਕੇਅਰ ਕਪੈਸਿਟੀ ਵਿੱਚ ਵਾਧਾ ਕਰਨਾ ਚਾਹੁੰਦਾ ਹੈ।

ਇਸ ਮੌਕੇ ਓਸਲਰ ਫਾਊਂਡੇਸ਼ਨ ਦੇ ਪ੍ਰੈਜ਼ੀਡੈਂਟ ਤੇ ਸੀਈਓ ਕੈਨ ਮੇਅਹਿਊ ਨੇ ਆਖਿਆ ਕਿ ਫਲੀਟੈਕਸ ਟਰਾਂਸਪੋਰਟ ਲਿਮਟਿਡ ਵੱਲੋਂ ਇਹ ਵਿਲੱਖਣ ਤੁਹਫਾ ਮਾਤਾ ਗਰਚਾ ਦੀ ਵਿਰਾਸਤ ਨੂੰ ਅੱਗੇ ਤੋਰਨ ਦਾ ਅਰਥਭਰਪੂਰ ਰਾਹ ਹੈ। ਉਨ੍ਹਾਂ ਆਖਿਆ ਕਿ ਮਾਤਾ ਜੀ ਨੂੰ ਜਿਹੋ ਜਿਹੀ ਕੇਅਰ ਤੇ ਸੇਵਾ ਓਸਲਰ ਵਿੱਚ ਮਿਲੀ ਹੈ ਗਰਚਾ ਪਰਿਵਾਰ ਵੱਲੋਂ ਉਹੋ ਜਿਹੀ ਹੀ ਸੇਵਾ ਤੇ ਮਦਦ ਆਪਣੇ ਗੁਆਂਢ ਵਿੱਚ ਰਹਿਣ ਵਾਲੇ ਲੋਕਾਂ ਲਈ ਮੁਹੱਈਆ ਕਰਵਾਉਣ ਦਾ ਸੁਪਨਾ ਪੂਰਾ ਕਰਨਾ ਬਹੁਤ ਵੱਡੀ ਸਮਾਜ ਸੇਵਾ ਦਾ ਕੰਮ ਹੈ। ਉਨ੍ਹਾਂ ਫਲੀਟੈਕਸ ਟਰਾਂਸਪੋਰਟ ਲਿਮਟਿਡ ਤੇ ਗਰਚਾ ਪਰਿਵਾਰ ਦਾ ਧੰਨਵਾਦ ਵੀ ਕੀਤਾ।



# ਪਹਿਲੀ ਜਨਵਰੀ ਤੋਂ ਸੈਨੇਕਾ ਕਾਲਜ ਵਿੱਚ ਖ਼ਤਮ ਹੋ ਜਾਣਗੇ ਵੈਕਸੀਨ ਸਬੰਧੀ ਨਿਯਮ

ਓਨਟਾਰੀਓ, 20 ਅਕਤੂਬਰ (ਪੋਸਟ ਬਿਊਰੋ) : 2023 ਵਿੱਚ ਸੈਨੇਕਾ ਕਾਲਜ ਕੋਵਿਡ-19 ਵੈਕਸੀਨ ਸਬੰਧੀ ਨਿਯਮਾਂ ਨੂੰ ਖ਼ਤਮ ਕਰਨ ਜਾ ਰਿਹਾ ਹੈ। ਸਕੂਲ ਦੇ ਪ੍ਰੈਜ਼ੀਡੈਂਟ ਵੱਲੋਂ ਇਹ ਸਪਸ਼ਟ ਕੀਤਾ ਗਿਆ ਹੈ ਕਿ ਵੈਕਸੀਨੇਸ਼ਨ ਕਰਵਾਉਣਾ ਜਾਂ ਨਾ ਕਰਵਾਉਣਾ ਕਿਸੇ ਵੀ ਵਿਅਕਤੀ ਦੀ ਨਿਜੀ ਚੋਣ ਹੈ।




ਜੀਟੀਏ ਦੇ ਕਈ ਕੈਂਪਸਾਂ ਵਿੱਚੋਂ ਇੱਕ ਸੈਨੇਕਾ ਨੇ ਓਨਟਾਰੀਓ ਦੇ ਸਾਰੇ ਪੋਸਟ ਸੈਕੰਡਰੀ ਇੰਸਟੀਚਿਊਟਸ ਵਿੱਚੋਂ ਸੱਭ ਨਾਲੋਂ ਸਖ਼ਤ ਕੋਵਿਡ-19 ਨੀਤੀਆਂ ਅਪਣਾਈਆਂ ਹੋਈਆਂ ਸਨ। ਜੁਲਾਈ 2021 ਵਿੱਚ ਪ੍ਰੈਜ਼ੀਡੈਂਟ ਡੇਵਿਡ ਐਗਨਿਊ ਨੇ ਐਲਾਨ ਕੀਤਾ ਸੀ ਕਿ ਸੈਨੇਕਾ ਕਾਲਜ ਵੱਲੋਂ ਵਿਦਿਆਰਥੀਆਂ ਤੇ ਸਟਾਫ ਲਈ ਕੋਵਿਡ-19 ਵੈਕਸੀਨਜ਼ ਸਬੰਧੀ ਸਖ਼ਤ ਨੀਤੀ ਅਪਣਾਈ ਗਈ ਹੈ। ਸੋਮਵਾਰ ਨੂੰ ਐਗਨਿਊ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਪਹਿਲੀ ਜਨਵਰੀ, 2023 ਤੋਂ ਵਿਦਿਆਰਥੀਆਂ, ਇੰਪਲੌਈਜ਼, ਕਾਂਟਰੈਕਟਰਜ਼ ਤੇ ਵਿਜ਼ਿਟਰਜ਼ ਵਿੱਚੋਂ ਕਿਸੇ ਨੂੰ ਵੀ ਕੈਂਪਸ ਵਿੱਚ ਜਾਂ ਬਿਲਡਿੰਗਜ਼ ਵਿੱਚ ਦਾਖਲ ਹੋਣ ਲਈ ਕੋਵਿਡ-19 ਵੈਕਸੀਨੇਸ਼ਨ ਕਰਵਾਏ ਹੋਣ ਦੇ ਨਿਯਮ ਦੀ ਪਾਲਣਾ ਕਰਨੀ ਜ਼ਰੂਰੀ ਨਹੀਂ ਹੋਵੇਗੀ।

ਉਨ੍ਹਾਂ ਆਖਿਆ ਕਿ ਉਹ ਇਹ ਐਲਾਨ ਕਰਦੇ ਹਨ ਕਿ ਸੈਨੇਕਾ ਦੀ ਵੈਕਸੀਨੇਸ਼ਨ ਪਾਲਿਸੀ 31 ਦਸੰਬਰ, 2022 ਨੂੰ ਖ਼ਤਮ ਹੋਣ ਜਾ ਰਹੀ ਹੈ।

# ਹੋਰਨਾਂ ਵੱਡੀਆਂ ਮਿਊਂਸਪੈਲਿਟੀਜ਼ ਦੇ ਮੇਅਰਜ਼ ਨੂੰ ਵੀ ਦਿੱਤੀਆਂ ਜਾਣਗੀਆਂ ਵੱਧ ਸ਼ਕਤੀਆਂ : ਫੋਰਡ

ਓਨਟਾਰੀਓ, 20 ਅਕਤੂਬਰ (ਪੋਸਟ ਬਿਊਰੋ) : ਪ੍ਰੀਮੀਅਰ ਡੱਗ ਫੋਰਡ ਨੇ ਸੋਮਵਾਰ ਨੂੰ ਆਖਿਆ ਕਿ ਇਸ ਸਾਲ ਹੋਰਨਾਂ ਵੱਡੀਆਂ ਮਿਊਂਸਪੈਲਿਟੀਜ਼ ਦੇ ਮੇਅਰਜ਼ ਨੂੰ ਵੀ ਤਥਾ-ਕਥਿਤ ਹੋਰ ਸ਼ਕਤੀਆਂ ਦਿੱਤੀਆਂ ਜਾਣਗੀਆਂ।

ਜ਼ਿਕਰਯੋਗ ਹੈ ਕਿ ਪਿੱਛੇ ਜਿਹੇ ਪ੍ਰੋਵਿੰਸ ਵੱਲੋਂ ਟੋਰਾਂਟੋ ਤੇ ਓਟਵਾ ਦੇ ਮੇਅਰਜ਼ ਨੂੰ ਵਧੇਰੇ ਸ਼ਕਤੀਆਂ ਦੇਣ ਲਈ ਬਿੱਲ ਪਾਸ ਕੀਤਾ ਗਿਆ ਸੀ। ਇਸ ਤਹਿਤ ਘਰਾਂ ਦੇ ਨਿਰਮਾਣ ਵਰਗੇ ਮਸਲਿਆਂ ਵਿੱਚ ਪ੍ਰੋਵਿੰਸ਼ੀਅਲ ਤਰਜੀਹਾਂ ਦੇ ਰਾਹ ਵਿੱਚ ਅੜਿੱਕੇ ਪਾਉਣ ਵਾਲੇ ਬਾਇਲਾਅਜ਼ ਉੱਤੇ ਵੀਟੋ ਕਰਨ ਦੀ ਸ਼ਕਤੀ ਵੀ ਇਨ੍ਹਾਂ ਮੇਅਰਜ਼ ਨੂੰ ਹੋਵੇਗੀ। ਇਹ ਵਿਸ਼ੇਸ਼ ਸ਼ਕਤੀਆਂ ਅਗਲੇ ਹਫਤੇ ਹੋਣ ਜਾ ਰਹੀਆਂ ਮਿਊਂਸਪਲ ਚੋਣਾਂ ਤੋਂ ਤੁਰੰਤ ਬਾਅਦ ਪ੍ਰਭਾਵੀ ਹੋ ਜਾਣਗੀਆਂ।

ਇਨ੍ਹਾਂ ਸ਼ਕਤੀਆਂ ਦਾ ਪਸਾਰ ਹੋਰਨਾਂ ਸਿਟੀਜ਼ ਤੱਕ ਕਰਨ ਦਾ ਐਲਾਨ ਕਰਦਿਆਂ ਸੋਮਵਾਰ ਨੂੰ ਫੋਰਡ ਨੇ ਆਖਿਆ ਕਿ ਅਸੀਂ ਓਟਵਾ ਤੇ ਟੋਰਾਂਟੋ ਨੂੰ ਟੈਸਟ ਏਰੀਆ ਵਜੋਂ ਵਰਤ ਰਹੇ ਸੀ ਤੇ ਫਿਰ ਅਸੀਂ ਅਗਲੇ ਸਾਲ ਤੋਂ ਹੋਰਨਾਂ ਰੀਜਨਜ਼ ਤੇ ਹੋਰਨਾਂ ਵੱਡੀਆਂ



ਮਿਊਂਸਪੈਲਿਟੀਜ਼ ਦੇ ਮੇਅਰਜ਼ ਨੂੰ ਵੀ ਇਹ ਸ਼ਕਤੀਆਂ ਦੇਵਾਂਗੇ। ਇਸ ਤੋਂ ਭਾਵ ਇਹ ਹੋਵੇਗਾ ਕਿ ਜਦੋਂ ਤੁਸੀਂ ਮੇਅਰ ਵਜੋਂ ਚੁਣੇ ਜਾਵੋਂ ਤਾਂ ਉਸ ਦਾ ਮਤਲਬ ਕੁੱਝ ਤਾਂ ਹੋਵੇ। ਇਸ ਨਵੇਂ ਕਾਨੂੰਨ ਤਹਿਤ ਇਨ੍ਹਾਂ ਦੋ ਸਿਟੀਜ਼ ਦੇ ਮੇਅਰਜ਼ ਨੂੰ ਕਾਊਂਸਲ ਦੀ ਥਾਂ ਸਿਟੀ ਦਾ ਬਜਟ ਤਿਆਰ ਕਰਨ ਤੇ ਪੇਸ਼ ਕਰਨ ਦੇ ਨਾਲ ਨਾਲ ਚੀਫ ਐਡਮਨਿਸਟ੍ਰੇਟਿਵ ਆਫੀਸਰ ਨਿਯੁਕਤ ਕਰਨ, ਡਿਪਾਰਟਮੈਂਟ ਦੇ ਹੈੱਡਜ਼ ਨੂੰ ਹਾਇਰ ਕਰਨ ਜਾਂ ਫਾਇਰ ਕਰਨ ਦਾ ਅਧਿਕਾਰ ਵੀ ਹੋਵੇਗਾ। ਮੇਅਰ ਸਿਰਫ ਆਡੀਟਰ ਜਨਰਲ, ਪੁਲਿਸ ਚੀਫ ਜਾਂ ਫਾਇਰ ਚੀਫ ਨੂੰ ਹਾਇਰ ਜਾਂ ਫਾਇਰ ਨਹੀਂ ਕਰ ਸਕਣਗੇ।

# ਲੋਬਲਾਅ ਨੇ ਆਪਣੇ ਕਈ ਉਤਪਾਦਾਂ ਦੀਆਂ ਕੀਮਤਾਂ ਦੇ ਵਾਧੇ ਉੱਤੇ ਲਾਈ ਰੋਕ




ਟੋਰਾਂਟੋ, 20 ਅਕਤੂਬਰ (ਪੋਸਟ ਬਿਊਰੋ) : ਮਹਿੰਗਾਈ ਕਾਰਨ ਗਰੌਸਰੀ ਦੀਆਂ ਕੀਮਤਾਂ ਆਸਮਾਨੀ ਛੂਹਣ ਕਰਕੇ ਕੈਨੇਡਾ ਦੇ ਸੱਭ ਤੋਂ ਵੱਡੇ ਗਰੌਸਰ ਲੋਬਲਾਅ ਨੇ ਆਪਣੇ ਕਈ ਉਤਪਾਦਾਂ ਦੀਆਂ ਕੀਮਤਾਂ ਜਿੱਥੇ ਹਨ ਉੱਥੇ ਹੀ ਰੋਕ ਦਿੱਤੀਆਂ ਹਨ।

ਲੋਬਲਾਅ ਕੰਪਨੀਜ਼ ਲਿਮਟਿਡ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਆਪਣੇ ਮਸ਼ਹੂਰ ਹਾਊਸ ਬ੍ਰੈਂਡ ਦੀਆਂ ਕੀਮਤਾਂ ਦੇ ਵਾਧੇ ਉੱਤੇ ਰੋਕ ਲਾ ਦਿੱਤੀ ਹੈ। ਇਹ 1500 ਗਰੌਸਰੀ ਆਈਟਮਾਂ ਹਨ ਤੇ ਇਨ੍ਹਾਂ ਉੱਤੇ 31 ਜਨਵਰੀ, 2023 ਤੱਕ ਰੋਕ ਜਾਰੀ ਰਹੇਗੀ।

ਸੋਮਵਾਰ ਨੂੰ ਆਪਣੇ ਗਾਹਕਾਂ ਨਾਲ ਪੱਤਰ ਸਾਂਝਾ ਕਰਦਿਆਂ ਲੋਬਲਾਅ ਦੇ ਚੇਅਰਮੈਨ ਤੇ ਪ੍ਰੈਜ਼ੀਡੈਂਟ ਗੈਲਨ ਜੀ• ਵੈਸਟਨ ਨੇ ਆਖਿਆ ਕਿ ਇਸ ਸਾਲ ਗਰੌਸਰੀ ਦੀ ਔਸਤ ਬਾਸਕਿਟ ਦੀ ਕੀਮਤ 10 ਫੀ ਸਦੀ ਤੱਕ ਉੱਪਰ ਜਾ ਚੁੱਕੀ ਹੈ ਜਦਕਿ ਸੇਬ, ਸੂਪ ਤੇ ਚਿੱਪਸ ਆਦਿ ਵਰਗੀਆਂ ਚੀਜ਼ਾਂ ਦੀ ਕੀਮਤ ਦਾ ਤਾਂ ਹੋਰ ਵੀ ਮਾੜਾ ਹਾਲ ਹੈ। ਉਨ੍ਹਾਂ ਆਖਿਆ ਕਿ ਇਨ੍ਹਾਂ ਵਿੱਚੋਂ ਬਹੁਤੀਆਂ ਕੀਮਤਾਂ ਕੰਪਨੀ ਦੇ ਕੰਟਰੋਲ ਵਿੱਚ ਵੀ ਨਹੀਂ ਹਨ ਕਿਉਂਕਿ ਫੂਡ ਸਪਲਾਇਰਜ਼ ਵੱਧ ਕੀਮਤਾਂ ਲੋਬਲਾਅ ਦੇ ਗਲ ਪਾ ਦਿੰਦੇ ਹਨ।

ਵੈਸਟਨ ਨੇ ਆਖਿਆ ਕਿ ਹੁਣ ਗਰੌਸਰੀ ਚੇਨ ਨੇ ਕੀਮਤਾਂ ਵਿੱਚ ਹੋ ਰਹੇ ਨਜਾਇਜ਼ ਵਾਧੇ ਨੂੰ ਠੱਲ੍ਹ ਪਾਉਣ ਦਾ ਫੈਸਲਾ ਕੀਤਾ ਹੈ, ਕਈ ਕੀਮਤਾਂ ਜਾਇਜ਼ ਵੀ ਹਨ ਤੇ ਇਹ ਸਪਲਾਇਰਜ਼ ਕੋਲੋਂ ਹੀ ਵੱਧ ਕੇ ਆਉਂਦੀਆਂ ਹਨ। ਉਨ੍ਹਾਂ ਆਖਿਆ ਕਿ ਕੀਮਤਾਂ ਉੱਤੇ ਲਾਈ ਗਈ ਇਸ ਰੋਕ ਨਾਲ ਕੈਨੇਡੀਅਨਜ਼ ਨੂੰ ਕਾਫੀ ਰਾਹਤ ਵੀ ਮਿਲੇਗੀ।

# 3 ਨਵੰਬਰ ਤੋਂ ਕਾਨੂੰਨੀ ਤੌਰ ਉੱਤੇ ਹੜਤਾਲ ਦੀ ਸਥਿਤੀ ਵਿੱਚ ਹੋਣਗੇ ਓਨਟਾਰੀਓ ਦੇ ਐਜੂਕੇਸ਼ਨ ਵਰਕਰਜ਼

ਓਨਟਾਰੀਓ, 20 ਅਕਤੂਬਰ (ਪੋਸਟ ਬਿਊਰੋ) : ਕੈਨੇਡੀਅਨ ਯੂਨੀਅਨ ਆਫ ਪਬਲਿਕ ਇੰਪਲੌਈਜ਼ ਦਾ ਕਹਿਣਾ ਹੈ ਕਿ ਓਨਟਾਰੀਓ ਵਿੱਚ ਉਨ੍ਹਾਂ ਦੇ 55,000 ਐਜੂਕੇਸ਼ਨ ਵਰਕਰ ਮੈਂਬਰਜ਼ ਜਿਵੇਂ ਕਿ ਕਸਟੋਡੀਅਨਜ਼, ਅਰਲੀ ਚਾਈਲਡਹੁੱਡ ਐਜੂਕੇਟਰਜ਼ ਤੇ ਐਡਮਨਿਸਟ੍ਰੇਸ਼ਨ ਸਟਾਫ 3 ਨਵੰਬਰ ਤੋਂ ਕਾਨੂੰਨੀ ਤੌਰ ਉੱਤੇ ਹੜਤਾਲ ਦੀ ਸਥਿਤੀ ਵਿੱਚ ਹੋਣਗੇ।



ਯੂਨੀਅਨ ਤੇ ਸਰਕਾਰ ਦਰਮਿਆਨ ਗੱਲਬਾਤ ਨੂੰ ਸਹੀ ਢੰਗ ਨਾਲ ਸਿਰੇ ਚੜ੍ਹਾਉਣ ਲਈ ਵਿਚੋਲਾ ਵੀ ਲਾਇਆ ਗਿਆ ਸੀ ਕਿਉਂਕਿ ਗੱਲਬਾਤ ਵਿੱਚ ਖੜੋਤ ਆ ਗਈ ਸੀ। ਪ੍ਰਾਪਤ ਰਿਪੋਰਟ ਵਿੱਚ ਆਖਿਆ ਗਿਆ ਹੈ ਕਿ ਯੂਨੀਅਨ ਦੇ ਕਿਸੇ ਵੀ ਵੇਲੇ ਹੜਤਾਲ ਉੱਤੇ ਜਾਣ ਲਈ ਪੁੱਠੀ ਗਿਣਤੀ ਸ਼ੁਰੂ ਹੋ ਗਈ ਹੈ ਹਾਲਾਂਕਿ ਹੜਤਾਲ ਉੱਤੇ ਜਾਣ ਤੋਂ ਪਹਿਲਾਂ ਯੂਨੀਅਨ ਨੂੰ ਪੰਜ ਦਿਨਾਂ ਦਾ ਅਗਾਊਂ ਨੋਟਿਸ ਵੀ ਦੇਣਾ ਹੋਵੇਗਾ।

ਯੂਨੀਅਨ ਵੱਲੋਂ ਅਜੇ ਇਸ ਗੱਲ ਦਾ ਕੋਈ ਸੰਕੇਤ ਨਹੀਂ ਦਿੱਤਾ ਗਿਆ ਹੈ ਕਿ ਐਜੂਕੇਸ਼ਨ ਵਰਕਰਜ਼ ਪੂਰੀ ਹੜਤਾਲ ਕਰਨਗੇ ਜਾਂ ਫਿਰ ਕੋਈ ਹੋਰ ਰਾਹ ਅਪਣਾਇਆ ਜਾਵੇਗਾ। ਇੱਥੇ ਦੱਸਣਾ ਬਣਦਾ ਹੈ ਕਿ ਅਜੇ ਵੀ ਗੱਲਬਾਤ ਦੇ ਤਿੰਨ ਹੋਰ ਦਿਨ ਪਏ ਹਨ।

# ਘਰ ਵਿੱਚ ਵਾਪਰੀ ਹਿੰਸਕ ਘਟਨਾ ਵਿੱਚ 2 ਬੱਚਿਆਂ ਦੀ ਹੋਈ ਮੌਤ, ਇੱਕ ਵਿਅਕਤੀ ਹਿਰਾਸਤ ਵਿੱਚ

ਲੈਵੈਲ, 20 ਅਕਤੂਬਰ (ਪੋਸਟ ਬਿਊਰੋ) : ਲੈਵੈਲ ਦੇ ਦੱਖਣ ਪੱਛਮੀ ਸਿਰੇ ਉੱਤੇ ਇੱਕ ਘਰ ਵਿੱਚ ਵਾਪਰੀ ਹਿੰਸਕ ਘਟਨਾ ਦੇ ਇੱਕ ਮਾਮਲੇ ਵਿੱਚ ਦੋ ਬੱਚਿਆਂ ਦੀ ਮੌਤ ਹੋ ਗਈ ਜਦਕਿ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਇਹ ਜਾਣਕਾਰੀ ਪੁਲਿਸ ਵੱਲੋਂ ਸੋਮਵਾਰ ਸ਼ਾਮ ਨੂੰ ਦਿੱਤੀ ਗਈ।

ਸ਼ਾਮੀਂ 6:00 ਵਜੇ ਦੇ ਨੇੜੇ ਤੇੜੇ ਪੁਲਿਸ ਨੂੰ 911 ਉੱਤੇ ਇੱਕ ਘਰ ਵਿੱਚ ਕਿਸੇ ਤਰ੍ਹਾਂ ਦੀ ਗੜਬੜ ਹੋਣ ਦੀ ਕਾਲ ਆਈ। ਮਾਂਟਰੀਅਲ ਦੇ ਉੱਤਰ ਵੱਲ ਸਥਿਤ ਆਈਲੈਂਡ ਉੱਤੇ ਲੈਵੈਲ ਦੇ ਸਟੀ-ਡੌਰੋਥੀ ਸੈਕਟਰ ਵਿੱਚ ਲਾਜ਼ੌਨ ਸਟਰੀਟ ਉੱਤੇ ਸਥਿਤ ਇਸ ਘਰ ਵਿੱਚ ਪੁਲਿਸ ਨੂੰ 11 ਸਾਲਾ ਲੜਕਾ ਤੇ 13 ਸਾਲਾ ਲੜਕੀ ਜ਼ਖ਼ਮੀ ਪਏ ਮਿਲੇ। ਦੋਵਾਂ ਬੱਚਿਆਂ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਜਿੱਥੇ ਬਾਅਦ ਵਿੱਚ ਉਨ੍ਹਾਂ ਦੀ ਮੌਤ ਹੋਣ ਦੀ ਪੁਸ਼ਟੀ ਹੋਈ। ਇੱਕ 46 ਸਾਲਾ ਵਿਅਕਤੀ ਨੂੰ ਵੀ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਤੇ ਹੁਣ ਉਹ ਹਸਪਤਾਲ ਵਿੱਚ ਹੀ ਪੁਲਿਸ ਹਿਰਾਸਤ ਵਿੱਚ ਹੈ। ਜਿਵੇਂ ਹੀ ਉਸ ਦੀ ਹਾਲਤ ਵਿੱਚ ਸੁਧਾਰ ਆਵੇਗਾ ਉਸ ਕੋਲੋਂ ਪੁਲਿਸ ਵੱਲੋਂ ਪੁੱਛਗਿੱਛ ਕੀਤੀ ਜਾਵੇਗੀ।




ਸੋਮਵਾਰ ਸ਼ਾਮ ਨੂੰ ਮੀਡੀਆ ਨੂੰ ਅਪਡੇਟ ਦੇਣ ਦੌਰਾਨ ਲੈਵੈਲ ਪੁਲਿਸ ਦੀ ਤਰਜ਼ਮਾਨ ਕਾਂਸਟੇਬਲ ਐਰਿਕਾ ਲੈਂਡਰੀ ਨੇ ਆਖਿਆ ਕਿ ਉਹ ਪਰਿਵਾਰ ਦੀ ਇਸ ਦੁੱਖ ਦੀ ਘੜੀ ਵਿੱਚ ਉਨ੍ਹਾਂ ਦੇ ਨਾਲ ਹਨ। ਪੁਲਿਸ ਵੱਲੋਂ ਦੋਵਾਂ ਬੱਚਿਆਂ ਦੇ ਉਸ ਵਿਅਕਤੀ ਨਾਲ ਸਬੰਧ ਦਾ ਕੋਈ ਖੁਲਾਸਾ ਨਹੀਂ ਕੀਤਾ ਗਿਆ। ਪੁਲਿਸ ਅਨੁਸਾਰ ਪਰਿਵਾਰ ਦੇ ਇੱਕ ਚੌਥੇ ਮੈਂਬਰ ਨੂੰ ਵੀ ਇਲਾਜ ਲਈ ਹਸਪਤਾਲ ਲਿਜਾਇਆ ਗਿਆ, ਉਸ ਨੂੰ ਡੂੰਘਾ ਸਦਮਾ ਲੱਗਿਆ ਹੈ।

# ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ 14 ਸਾਲਾ ਲੜਕਾ ਜ਼ਖ਼ਮੀ

ਮਿਸੀਸਾਗਾ, 20 ਅਕਤੂਬਰ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਗੱਡੀ ਵੱਲੋਂ ਬਾਈਕ ਨੂੰ ਟੱਕਰ ਮਾਰੇ ਜਾਣ ਕਾਰਨ 14 ਸਾਲਾ ਲੜਕਾ ਜ਼ਖ਼ਮੀ ਹੋ ਗਿਆ ਤੇ ਉਸ ਨੂੰ ਇਲਾਜ ਲਈ ਫੌਰਨ ਟਰੌਮਾ ਸੈਂਟਰ ਲਿਜਾਇਆ ਗਿਆ। ਪੀਲ ਪੁਲਿਸ ਨੂੰ ਰਾਤੀਂ 8:30 ਵਜੇ ਹੁਰੌਨਤਾਰੀਓ ਰੋਡ ਤੇ ਕਰੀਆ ਡਰਾਈਵ ਇਲਾਕੇ ਵਿੱਚ ਸੱਦਿਆ ਗਿਆ। ਜਾਂਚਕਾਰਾਂ ਨੇ ਦੱਸਿਆ ਕਿ ਪਾਰਕਿੰਗ ਵਾਲੇ ਏਰੀਆ ਵਿੱਚ ਇੱਕ ਸਾਈਕਲਿਸਟ ਨੂੰ ਗੱਡੀ ਵੱਲੋਂ ਟੱਕਰ ਮਾਰ ਦਿੱਤੇ ਜਾਣ ਕਾਰਨ ਲੜਕਾ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਪੈਰਾਮੈਡਿਕਸ ਨੇ ਦੱਸਿਆ ਕਿ ਲੜਕੇ ਦੀ ਹਾਲਤ ਕਾਫੀ ਨਾਜ਼ੁਕ ਹੈ। ਇਸ ਸਬੰਧ ਵਿੱਚ ਕੋਈ ਹੋਰ ਵੇਰਵੇ ਜਾਰੀ ਨਹੀਂ ਕੀਤੇ ਗਏ।



# ਅਫਰੀਕਾ ਬਾਰੇ ਟਿੱਪਣੀ ਕਿਸੇ ਦਾ ਦਿਲ ਦੁਖਾਉਣ ਲਈ ਨਹੀਂ ਸੀ ਕੀਤੀ ਗਈ : ਫਰੀਲੈਂਡ

ਓਟਵਾ, 20 ਅਕਤੂਬਰ (ਪੋਸਟ ਬਿਊਰੋ) : ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਦਾ ਕਹਿਣਾ ਹੈ ਕਿ ਪਿਛਲੇ ਹਫਤੇ ਜਦੋਂ ਉਨ੍ਹਾਂ ਅਫਰੀਕੀ ਲੋਕਾਂ ਲਈ ਇਹ ਆਖਿਆ ਸੀ ਕਿ ਉਨ੍ਹਾਂ ਨੂੰ ਆਪਣੀ ਜਮਹੂਰੀਅਤ ਲਈ ਮਰਨ ਵਾਸਤੇ ਤਿਆਰ ਰਹਿਣਾ ਚਾਹੀਦਾ ਹੈ, ਤਾਂ ਉਨ੍ਹਾਂ ਦਾ ਇਰਾਦਾ ਕਿਸੇ ਦਾ ਦਿਲ ਦੁਖਾਉਣਾ ਨਹੀਂ ਸੀ। ਉਨ੍ਹਾਂ ਸਗੋਂ ਆਖਿਆ ਕਿ ਕੈਨੇਡਾ ਇਸ ਮਹਾਂਦੀਪ ਲਈ ਮਦਦ ਵਿੱਚ ਹੋਰ ਵਾਧਾ ਕਰ ਸਕਦਾ ਹੈ।



ਸੋਮਵਾਰ ਨੂੰ ਫਰੀਲੈਂਡ ਨੇ ਆਖਿਆ ਕਿ ਜੇ ਉਨ੍ਹਾਂ ਦੀਆਂ ਟਿੱਪਣੀਆਂ ਤੋਂ ਕਿਸੇ ਨੂੰ ਤਕਲੀਫ ਹੋਈ ਹੋਵੇ ਤਾਂ ਉਹ ਮੁਆਫੀ ਮੰਗਦੀ ਹੈ। ਜ਼ਿਕਰਯੋਗ ਹੈ ਕਿ ਪਿਛਲੇ ਹਫਤੇ ਵਾਸ਼ਿੰਗਟਨ ਵਿੱਚ ਭਾਸ਼ਣ ਦਿੰਦਿਆਂ ਫਰੀਲੈਂਡ ਨੇ ਸਾਰੇ ਜਮਹੂਰੀ ਦੇਸ਼ਾਂ ਨੂੰ ਅਪੀਲ ਕੀਤੀ ਸੀ ਕਿ ਵਪਾਰ ਤੇ ਐਨਰਜੀ ਸਬੰਧਾਂ ਰਾਹੀਂ ਇੱਕ ਦੂਜੇ ਦੇ ਹੋਰ ਨੇੜੇ ਆਉਣ ਕਿਉਂਕਿ ਦੁਨੀਆ ਭਰ ਵਿੱਚ ਮਾਹੌਲ ਥੋੜ੍ਹਾ ਖਰਾਬ ਚੱਲ ਰਿਹਾ ਹੈ ਤੇ ਕਈ ਦੇਸ਼ਾਂ ਵੱਲੋਂ ਦੂਜੇ ਜਮਹੂਰੀ ਦੇਸ਼ਾਂ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਿਹਾ ਹੈ।

ਇਸ ਤੋਂ ਬਾਅਦ ਹੋਏ ਸਵਾਲ ਜਵਾਬ ਸੈਸ਼ਨ ਵਿੱਚ ਐਫਰੀਕਨ ਡਿਵੈਲਪਮੈਂਟ ਬੈਂਕ ਲਈ ਕੰਮ ਕਰਨ ਵਾਲੇ ਵਿਅਕਤੀ ਨੇ ਪੁੱਛਿਆ ਕਿ ਪੱਛਮੀ ਮੁਲਕਾਂ ਵੱਲੋਂ ਮਦਦ ਸਿਰਫ ਯੂਕਰੇਨ ਦੀਆਂ ਲੋੜਾਂ ਪੂਰੀਆਂ ਕਰਨ ਦੇ ਇਰਾਦੇ ਨਾਲ ਹੀ ਕੀਤੇ ਜਾਣ ਦਾ ਇਰਾਦਾ ਹੈ। ਇਸ ਵਿਅਕਤੀ ਦੀ ਪਛਾਣ ਜ਼ਾਹਿਰ ਨਹੀਂ ਕੀਤੀ ਗਈ। ਉਸ ਨੇ ਇਹ ਵੀ ਆਖਿਆ ਕਿ ਇਸ ਨਾਲ ਮਹਾਂਦੀਪ ਵਿੱਚ ਰੂਸ ਦਾ ਦਬਦਬਾ ਹੀ ਵਧੇਗਾ।

ਫਰੀਲੈਂਡ ਨੇ ਆਖਿਆ ਕਿ ਪੱਛਮੀ ਦੇਸ਼ਾਂ ਨੂੰ ਇੱਕਜੁੱਟ ਹੋ ਕੇ ਅੱਗੇ ਆਉਣਾ ਚਾਹੀਦਾ ਹੈ ਤਾਂ ਕਿ ਇਹ ਸਿੱਧ ਹੋ ਸਕੇ ਕਿ ਅਸੀਂ ਸੱਚਮੁੱਚ ਭਾਈਵਾਲ ਹਾਂ। ਪਰ ਉਨ੍ਹਾਂ ਇਹ ਵੀ ਆਖਿਆ ਕਿ ਇਹ ਅਫਰੀਕੀ ਮੁਲਕਾਂ ਉੱਤੇ ਨਿਰਭਰ ਕਰਦਾ ਹੈ ਕਿ ਉਹ ਆਪਣਾ ਰਾਹ ਆਪ ਚੁਣਨ। ਉਨ੍ਹਾਂ ਇਸ ਗੱਲ ਤੋਂ ਵੀ ਇਨਕਾਰ ਕੀਤਾ ਕਿ ਉਹ ਅਚਨਚੇਤੀ ਹੀ ਰੂਸ ਦੇ ਰਾਹ ਵਿੱਚ ਆ ਜਾਣਗੇ। ਉਨ੍ਹਾਂ ਅੱਗੇ ਆਖਿਆ ਕਿ ਆਪਣੀ ਜਮਹੂਰੀਅਤ ਦੀ ਰਾਖੀ ਉਸ ਸੂਰਤ ਵਿੱਚ ਹੀ ਹੁੰਦੀ ਹੈ ਜੇ ਲੋਕ ਆਪਣੇ ਦੇਸ਼ ਲਈ ਮਰ ਮਿਟਣ ਵਾਸਤੇ ਤਿਆਰ ਹੋਣ। ਇਸ ਤਰ੍ਹਾਂ ਦੀ ਬਿਆਨਬਾਜ਼ੀ ਉੱਤੇ ਕਈ ਬੁੱਧੀਜੀਵੀਆਂ ਵੱਲੋਂ ਇਤਰਾਜ਼ ਪ੍ਰਗਟਾਇਆ ਗਿਆ।

# ਲਿਬਰਲ ਸਾਈਬਰ ਸਕਿਊਰਿਟੀ ਬਿੱਲ ਵਿੱਚ ਹਨ ਖਾਮੀਆਂ ਹੀ ਖਾਮੀਆਂ

ਓਟਵਾ, 20 ਅਕਤੂਬਰ (ਪੋਸਟ ਬਿਊਰੋ) : ਇੱਕ ਨਵੀਂ ਰਿਸਰਚ ਰਿਪੋਰਟ ਵਿੱਚ ਇਹ ਖੁਲਾਸਾ ਕੀਤਾ ਗਿਆ ਹੈ ਕਿ ਫੈਡਰਲ ਸਾਈਬਰਸਕਿਊਰਿਟੀ ਬਿੱਲ ਵਿੱਚ ਐਨੀਆਂ ਖਾਮੀਆਂ ਹਨ ਕਿ ਇਸ ਨਾਲ ਦੁਨੀਆਂ ਭਰ ਦੀਆਂ ਸਰਕਾਰਾਂ ਆਪੋ ਆਪਣੇ ਦਮਨਕਾਰੀ ਕਾਨੂੰਨਾਂ ਨੂੰ ਜਾਇਜ਼ ਦੱਸਣ ਲੱਗਣਗੀਆਂ।



ਯੂਨੀਵਰਸਿਟੀ ਆਫ ਟੋਰਾਂਟੋ ਦੀ ਸਿਟੀਜ਼ਨ ਲੈਬ ਦੇ ਕ੍ਰਿਸਟੋਫਰ ਪਾਰਸਨਜ਼ ਦੀ ਰਿਪੋਰਟ ਵਿੱਚ 29 ਸਿਫਾਰਿਸ਼ਾਂ ਕੀਤੀਆਂ ਗਈਆਂ ਹਨ ਜਿਨ੍ਹਾਂ ਵਿੱਚ ਜੂਨ ਵਿੱਚ ਲਿਬਰਲ ਸਰਕਾਰ ਵੱਲੋਂ ਪ੍ਰਸਤਾਵਿਤ ਮਾਪਦੰਡਾਂ ਬਾਰੇ ਪਾਰਦਰਸ਼ਤਾ ਤੇ ਜਵਾਬਦੇਹੀ ਦੀ ਮੰਗ ਕੀਤੀ ਗਈ ਹੈ। ਸਰਕਾਰ ਨੈਸ਼ਨਲ ਸਕਿਊਰਿਟੀ ਦੀ ਰਾਖੀ ਲਈ ਬਿਹਤਰ ਸ਼ੀਲਡ ਸਿਸਟਮ ਕਾਇਮ ਕਰਨਾ ਚਾਹੁੰਦੀ ਹੈ ਤੇ ਸਾਈਬਰਸਪੇਸ ਦੇ ਖੇਤਰ ਨਾਲ ਜੁੜੇ ਖਤਰਿਆਂ ਨਾਲ ਸਿੱਝਣ ਲਈ ਅਧਿਕਾਰੀਆਂ ਨੂੰ ਨਵੇਂ ਸੰਦ ਮੁਹੱਈਆ ਕਰਵਾਉਣੇ ਚਾਹੁੰਦੀ ਹੈ।

ਬਿੱਲ ਸੀ-26 ਤਹਿਤ ਬੈਂਕਿੰਗ ਤੇ ਟੈਲੀਕਮਿਊਨਿਕੇਸ਼ਨਜ਼ ਇੰਡਸਟਰੀਜ਼ ਵਰਗੇ ਖੇਤਰਾਂ ਲਈ ਸਾਈਬਰਸਕਿਊਰਿਟੀ ਵਿੱਚ ਸੁਧਾਰ ਹੋਣਾ ਤੇ ਡਿਜੀਟਲ ਹਮਲਿਆਂ ਦੀ ਰਿਪੋਰਟ ਕਰਨ ਜਾਂ ਫਿਰ ਸੰਭਾਵੀ ਜੁਰਮਾਨੇ ਭਰਨਾਂ ਆਦਿ ਜ਼ਰੂਰੀ ਹੈ ਤੇ ਇਹ ਇਸ ਵਿੱਚ ਸ਼ਾਮਲ ਹਨ। ਬਿੱਲ ਵਿੱਚ ਅਧਿਕਾਰੀਆਂ ਨੂੰ ਆਡਿਟ ਸ਼ਕਤੀਆਂ ਤੇ ਜੁਰਮਾਨਿਆਂ ਰਾਹੀਂ ਮਾਪਦੰਡ ਲਾਗੂ ਕਰਨ ਦੇ ਸਮਰੱਥ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।

ਰਿਪੋਰਟ ਵਿੱਚ ਆਖਿਆ ਗਿਆ ਹੈ ਕਿ ਓਟਵਾ ਵੱਲੋਂ ਲੋੜੀਂਦੀਆਂ ਸ਼ਕਤੀਆਂ ਸੀਕ੍ਰੇਸੀ ਵਾਲੇ ਕਲਾਜ਼ਿਜ਼ ਨਾਲ ਭਰੀਆਂ ਪਈਆਂ ਹਨ। ਇਸ ਲਈ ਇਨ੍ਹਾਂ ਵਿੱਚ ਸੁਧਾਰ ਕਰਨ ਦੀ ਲੋੜ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

SherGill Law Firm
Barrister, Solicitor & Notary Public
Services:
★ Real Estate
★ Residential, Commercial & Franchise
★ Criminal Law
★ Family Law
★ Affidavit, Power Of Attorney & Notarization
★ Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਇਨ੍ਹਾਂ ਸਿਆਲਾਂ ਵਿੱਚ ਘਰਾਂ ਨੂੰ ਨਿੱਘਾ ਰੱਖਣ ਲਈ ਕੈਨੇਡੀਅਨਜ਼ ਨੂੰ ਚੁਕਾਉਣੀ ਹੋਵੇਗੀ ਵੱਧ ਕੀਮਤ!

ਓਟਵਾ, 16 ਅਕਤੂਬਰ (ਪੋਸਟ ਬਿਊਰੋ) : ਨੈਚੂਰਲ ਗੈਸ ਤੇ ਬਿਜਲੀ ਦੇ ਬਿੱਲ ਭਰਨ ਵਾਲੇ ਬਹੁਤੇ ਕੈਨੇਡੀਅਨਜ਼ ਨੂੰ ਇਨ੍ਹਾਂ ਸਿਆਲਾਂ ਵਿੱਚ 50 ਤੋ 100 ਫੀ ਸਦੀ ਦਰਮਿਆਨ ਵੱਧ ਬਿੱਲ ਦੇਣੇ ਪੈ ਸਕਦੇ ਹਨ। ਇਹ ਖੁਲਾਸਾ ਇੱਕ ਐਨਰਜੀ ਵਿਸ਼ਲੇਸ਼ਕ ਵੱਲੋਂ ਕੀਤਾ ਗਿਆ।



EnergyRates.ca ਦੇ ਬਾਨੀ ਜੋਏਲ ਮੈਕਡੌਨਲਡ ਦਾ ਕਹਿਣਾ ਹੈ ਕਿ ਕੁੱਝ ਖਪਤਕਾਰਾਂ ਦੇ ਬਿੱਲਾਂ ਵਿੱਚ 300 ਫੀ ਸਦੀ ਦਾ ਵਾਧਾ ਹੋ ਸਕਦਾ ਹੈ ਪਰ ਜਿਹੜਾ ਆਮ ਰੁਝਾਨ ਹੈ ਉਹ ਸਪਸ਼ਟ ਹੋ ਚੁੱਕਿਆ ਹੈ।ਉਨ੍ਹਾਂ ਇੱਕ ਇੰਟਰਵਿਊ ਵਿੱਚ ਆਖਿਆ ਕਿ ਕੁੱਝ ਪ੍ਰੋਵਿੰਸਾਂ ਵਿੱਚ ਮਾਰਕਿਟਪਲੇਸ ਦੇ ਢਾਂਚੇ ਕਾਰਨ ਇਸ ਤਰ੍ਹਾਂ ਦੇ ਵਾਧੇ ਉੱਤੇ ਨਕੇਲ ਕੱਸੀ ਗਈ ਹੈ ਪਰ ਆਮ ਤੌਰ ਉੱਤੇ ਇਸ ਵਾਰੀ ਐਨਰਜੀ ਬਿੱਲ ਕਾਫੀ ਜ਼ਿਆਦਾ ਰਹਿਣ ਦੀ ਸੰਭਾਵਨਾ ਹੈ।

ਇਸ ਵਾਰੀ ਘਰਾਂ ਦੀ ਐਨਰਜੀ ਦੀ ਲਾਗਤ ਵੱਧਣ ਦਾ ਕਾਰਨ ਨੈਚੂਰਲ ਗੈਸ ਦੀਆਂ ਕੀਮਤਾਂ ਵਿੱਚ ਹੋਣ ਵਾਲਾ ਵਾਧਾ ਹੈ। ਕੈਨੇਡਾ ਵਿੱਚ ਬਿਜਲੀ ਉਤਪਾਦਨ ਲਈ 8.5 ਫੀ ਸਦੀ ਨੈਚੂਰਲ ਗੈਸ ਦੀ ਵਰਤੋਂ ਹੁੰਦੀ ਹੈ। ਸਟੈਟੇਸਟਿਕਸ ਕੈਨੇਡਾ ਅਨੁਸਾਰ ਬਹੁਤੇ ਕੈਨੇਡੀਅਨ (61 ਫੀ ਸਦੀ ) ਆਪਣੇ ਘਰਾਂ ਨੂੰ ਨਿੱਘਾ ਰੱਖਣ ਲਈ ਭੱਠੀਆਂ ਤੇ ਬੁਆਇਲਰਜ਼ ਦੀ ਭਾਵ ਰਵਾਇਤੀ ਗੈਸ ਨਾਲ ਚੱਲਣ ਵਾਲੇ ਸਿਸਟਮਜ਼ ਦੀ ਵਰਤੋਂ ਕਰਦੇ ਹਨ। ਬਹੁਤ ਘੱਟ ਮਾਤਰਾ ਵਿੱਚ ਕੈਨੇਡੀਅਨ(29 ਫੀ ਸਦੀ) ਇਲੈਕਟ੍ਰਿਕ ਬੇਸਬੋਰਡ ਤੇ ਰੇਡੀਐਂਟ ਹੀਟਿੰਗ ਸਿਸਟਮਜ਼ ਦੀ ਵਰਤੋਂ ਕਰਦੇ ਹਨ। ਬਾਕੀ ਕੈਨੇਡੀਅਨਜ਼ ਹੀਟ ਪੰਪਸ, ਸਟੋਵਜ਼ ਤੇ ਹੋਰਨਾਂ ਹੀਟਿੰਗ ਸਿਸਟਮਜ਼ ਦੀ ਵਰਤੋਂ ਕਰਦੇ ਹਨ।

ਮੈਕਡੌਨਲਡ ਦਾ ਕਹਿਣਾ ਹੈ ਕਿ ਇਸ ਸਮੇਂ ਨੈਚੂਰਲ ਗੈਸ ਦੀਆਂ ਕੀਮਤਾਂ ਯੂਰਪ ਵਿੱਚ ਕਈ ਤਰ੍ਹਾਂ ਦੇ ਭੂਗੋਲਿਕ ਸਿਆਸੀ ਕਾਰਨਾਂ ਕਰਕੇ ਉੱਪਰ ਜਾ ਰਹੀਆਂ ਹਨ। ਇਸ ਤੋਂ ਇਲਾਵਾ ਮੁੜ ਨੰਵਿਆਈਂ ਜਾ ਸਕਣ ਵਾਲੀ ਐਨਰਜੀ ਵੱਜੋਂ ਗਲੋਬਲ ਰੁਝਾਨ, ਸੀਜ਼ਨਲ ਮੰਗ, ਫੈਡਰਲ ਕਾਰਬਨ ਟੈਕਸ ਤੇ 20 ਸਾਲਾਂ ਦੇ ਅਰਸੇ ਵਿੱਚ ਗੈਸ ਦੀਆਂ ਕੀਮਤਾਂ ਵਿੱਚ ਹੋਣ ਵਾਲੇ ਉਤਰਾਅ ਚੜ੍ਹਾਅ ਕਾਰਨ ਗੈਸ ਦੀਆਂ ਕੀਮਤਾਂ ਵਿੱਚ ਵਾਧਾ ਵੇਖਣ ਨੂੰ ਮਿਲ ਰਿਹਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਨ੍ਹਾਂ ਵਿੱਚੋਂ ਕੁੱਝ ਕਾਰਨ ਸਪਸ਼ਟ ਹਨ ਤੇ ਕੁੱਝ ਨਹੀਂ, ਜਿਵੇਂ ਕਿ ਯੂਕਰੇਨ ਵਿੱਚ ਅਚਾਨਕ ਛਿੜੀ ਜੰਗ। ਇਸ ਜੰਗ ਕਾਰਨ ਵੀ ਨੈਚੂਰਲ ਗੈਸ ਦੀ ਗਲੋਬਲ ਸਪਲਾਈ ਘਟੀ ਹੈ ਤੇ ਕੀਮਤਾਂ ਵਿੱਚ ਵਾਧਾ ਹੋਇਆ ਹੈ।

ਇਸ ਨਾਲ ਯੂਰਪ ਦੀ ਸਰੋਤ ਤੱਕ ਪਹੁੰਚ ਘਟੀ ਹੈ। ਨਤੀਜੇ ਵਜੋਂ ਅਮਰੀਕਾ ਨੇ ਯੂਰਪ ਨੂੰ ਨੈਚੂਰਲ ਗੈਸ ਦੀ ਸਪਲਾਈ ਦਾ ਐਕਸਪੋਰਟ ਵਧਾ ਦਿੱਤਾ ਹੈ ਤੇ ਕੈਨੇਡਾ ਨੇ ਅਮਰੀਕਾ ਨੂੰ ਨੈਚੂਰਲ ਗੈਸ ਸਪਲਾਈ ਐਕਸਪੋਰਟ ਵਿੱਚ ਵਾਧਾ ਕੀਤਾ ਹੈ, ਇਸ ਨਾਲ ਵੀ ਕੈਨੇਡਾ ਦੀ ਸਪਲਾਈ ਘੱਟ ਗਈ ਹੈ। ਇਸ ਸਮੇਂ ਯੂਰਪ ਵਿੱਚ ਕੈਨੇਡਾ ਨਾਲੋਂ ਨੈਚੂਰਲ ਗੈਸ ਪੰਜ ਗੁਣਾਂ ਵੱਧ ਮਹਿੰਗੀ ਹੈ। ਪਰ ਜਿਵੇਂ ਹੀ ਸਾਡੀ ਸਪਲਾਈ ਡਿੱਗੇਗੀ ਤਾਂ ਇਸ ਵਿੱਚ ਬਦਲਾਅ ਆ ਜਾਵੇਗਾ।

# ਪਸੰਦੀਦਾ ਪ੍ਰਧਾਨ ਮੰਤਰੀ ਲਈ ਟਰੂਡੋ ਤੇ ਪੌਲੀਐਵਰ ਵਿੱਚ ਫਸਵਾਂ ਮੁਕਾਬਲਾ : ਨੈਨੋਜ਼

ਓਟਵਾ, 20 ਅਕਤੂਬਰ (ਪੋਸਟ ਬਿਊਰੋ) : ਇਸ ਸਮੇਂ ਕੈਨੇਡੀਅਨਜ਼ ਦੇ ਮਨਾਂ ਵਿੱਚ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਦੋ ਉਮੀਦਵਾਰਾਂ ਦੇ ਨਾਂ ਘੁੰਮ ਰਹੇ ਹਨ। ਇਸ ਸਬੰਧ ਵਿੱਚ ਜਸਟਿਨ ਟਰੂਡੋ ਤੇ ਪਿਏਰ ਪੌਲੀਐਵਰ ਦਰਮਿਆਨ ਮੁਕਾਬਲਾ ਕਾਫੀ ਸਖ਼ਤ ਹੈ। ਨੈਨੋਜ਼ ਰਿਸਰਚ ਵੱਲੋਂ ਕਰਵਾਏ ਗਏ ਨਵੇਂ ਸਰਵੇਖਣ ਅਨੁਸਾਰ 30 ਫੀ ਸਦੀ ਕੈਨੇਡੀਅਨਜ਼ ਲਈ ਪਸੰਦੀਦਾ ਪ੍ਰਧਾਨ ਮੰਤਰੀ ਪਿਏਰ ਪੌਲੀਐਵਰ ਹਨ ਪਰ ਇਸ ਮਾਮਲੇ ਵਿੱਚ ਟਰੂਡੋ ਵੀ ਕੋਈ ਬਹੁਤ ਪਿੱਛੇ ਨਹੀਂ ਹਨ। 29.8 ਫੀ ਸਦੀ ਕੈਨੇਡੀਅਨਜ਼ ਵੱਲੋਂ ਉਨ੍ਹਾਂ ਨੂੰ ਹੀ ਆਪਣਾ ਪਸੰਦੀਦਾ ਪ੍ਰਧਾਨ ਮੰਤਰੀ ਮੰਨਿਆ ਜਾਂਦਾ ਹੈ।ਪਿਛਲੇ ਚਾਰ ਹਫਤਿਆਂ ਦੇ ਅਰਸੇ ਵਿੱਚ ਪ੍ਰਧਾਂਨ ਮੰਤਰੀ ਵਜੋਂ ਕੰਜ਼ਰਵੇਟਿਵ ਆਗੂ ਨੂੰ ਪਸੰਦ ਕਰਨ ਵਾਲਿਆਂ ਦੀ ਗਿਣਤੀ ਵਿੱਚ ਅਚਾਨਕ 11.6 ਫੀ ਸਦੀ ਅੰਕਾਂ ਦਾ ਵਾਧਾ ਹੋਇਆ ਹੈ ਜਦਕਿ ਪ੍ਰਧਾਨ ਮੰਤਰੀ ਵਜੋਂ ਟਰੂਡੋ ਨੂੰ ਸਮਰਥਨ ਦੇਣ ਵਾਲਿਆਂ ਦੀ ਗਿਣਤੀ ਵਿੱਚ 2.4 ਫੀ ਸਦੀ ਅੰਕਾਂ ਦਾ ਵਾਧਾ ਹੋਇਆ ਹੈ। ਨੈਨੋਜ਼ ਨੇ ਪਾਇਆ ਕਿ ਚਾਰ ਹਫਤੇ ਪਹਿਲਾਂ ਕਰਵਾਏ ਗਏ ਸਰਵੇਖਣ ਸਮੇਂ ਕੈਂਡਿਸ ਬਰਜ਼ਨ ਹੀ ਅੰਤਰਿਮ ਕੰਜ਼ਰਵੇਟਿਵ ਆਗੂ ਸੀ।

ਨੈਨੋਜ਼ ਨੇ ਆਖਿਆ ਕਿ ਲੀਡਰਸ਼ਿਪ ਤੇ ਅਸਲ ਅੰਕੜਿਆਂ ਦੇ ਸਬੰਧ ਵਿੱਚ ਪਿਏਰ ਪੌਲੀਐਵਰ ਦੀ ਸਥਿਤੀ ਵਿੱਚ ਇਸ ਨੂੰ ਸੁਧਾਰ ਮੰਨਿਆ ਜਾ ਸਕਦਾ ਹੈ। ਇਸ ਦੌਰਾਨ 14.9 ਫੀ ਸਦੀ ਕੈਨੇਡੀਅਨਜ਼ ਨੇ ਆਖਿਆ ਕਿ ਉਹ ਐਨਡੀਪੀ ਆਗੂ ਜਗਮੀਤ ਸਿੰਘ ਨੂੰ ਪ੍ਰਧਾਨ ਮੰਤਰੀ ਵਜੋਂ ਵੇਖਣਾ ਚਾਹੁਣਗੇ, ਜੋ ਕਿ ਚਾਰ ਹਫਤੇ ਪਹਿਲਾਂ ਨਾਲੋਂ 6.0 ਫੀ ਸਦ ਪੁਆਇੰਟਸ ਨਾਲ ਘੱਟ ਹੈ। 14 ਫੀ ਸਦੀ ਨੇ ਆਖਿਆ ਕਿ ਉਹ ਕਿਸੇ ਵੀ ਆਗੂ ਨੂੰ ਤਰਜੀਹ ਨਹੀਂ ਦੇਣਗੇ।

# ਈਆਈ ਪ੍ਰੋਗਰਾਮ ਸਿਰ ਚੜ੍ਹੇ ਕਰਜ਼ੇ ਨੂੰ ਉਤਾਰਨ ਲਈ ਵਰਕਰਜ਼ ਤੇ ਇੰਪਲੌਇਰਜ਼ ਫੈਡਰਲ ਸਰਕਾਰ ਤੋਂ ਮੰਗ ਰਹੇ ਹਨ ਮੱਦਦ




ਓਟਵਾ, 20 ਅਕਤੂਬਰ (ਪੋਸਟ ਬਿਊਰੋ) : ਇੱਕ ਸਾਲ ਦੇ ਅੰਦਰ ਇੰਪਲੌਇਮੈਂਟ ਇੰਸ਼ੋਰੈਂਸ ਪ੍ਰੀਮੀਅਮਜ਼ ਵਿੱਚ ਵਾਧਾ ਹੋਣਾ ਤੈਅ ਹੈ। ਇਸ ਦੇ ਮੱਦੇਨਜ਼ਰ ਇੰਪਲੌਇਰਜ਼ ਤੇ ਵਰਕਰਜ਼ ਦੋਵਾਂ ਵੱਲੋਂ ਹੀ ਫੈਡਰਲ ਸਰਕਾਰ ਤੋਂ ਮਦਦ ਦੀ ਮੰਗ ਕੀਤੀ ਜਾ ਰਹੀ ਹੈ। ਕੋਵਿਡ-19 ਮਹਾਂਮਾਰੀ ਕਾਰਨ ਇਸ ਪ੍ਰੋਗਰਾਮ ਸਿਰ ਚੜ੍ਹੇ ਕਰਜ਼ੇ ਤੋਂ ਇਸ ਨੂੰ ਬਚਾਉਣ ਦੀ ਅਪੀਲ ਵੀ ਕੀਤੀ ਜਾ ਰਹੀ ਹੈ।

ਇਹ ਪ੍ਰੋਗਰਾਮ ਸਮੁੱਚੇ ਰੂਪ ਵਿੱਚ ਵਰਕਰਜ਼ ਤੇ ਇੰਪਲੌਇਰਜ਼ ਵੱਲੋਂ ਅਦਾ ਕੀਤੇ ਜਾਣ ਵਾਲੇ ਪ੍ਰੀਮੀਅਮਜ਼ ਦੇ ਸਿਰ ਉੱਤੇ ਚੱਲਦਾ ਹੈ। ਚੀਫ ਐਕਚੂਰੀ (ਬੀਮਾ-ਅੰਕਿਕ) ਆਫਿਸ ਅਨੁਸਾਰ 2021 ਦੇ ਅੰਤ ਤੱਕ ਇਸ ਸਿਰ 25·9 ਬਿਲੀਅਨ ਡਾਲਰ ਦਾ ਕਰਜ਼ਾ ਚੜ੍ਹ ਚੁੱਕਿਆ ਸੀ। ਇਹ ਕਰਜ਼ਾ ਇਸ ਲਈ ਚੜ੍ਹਿਆ ਕਿਉਂਕਿ ਮਹਾਂਮਾਰੀ ਦੌਰਾਨ ਵੱਡੀ ਗਿਣਤੀ ਵਿੱਚ ਕੈਨੇਡੀਅਨ ਬੇਰੋਜ਼ਗਾਰ ਰਹੇ ਤੇ ਬੇਰੋਜ਼ਗਾਰ ਬੈਨੇਫਿਟਸ ਤੱਕ ਸੁਖਾਲੀ ਪਹੁੰਚ ਲਈ ਪ੍ਰੋਗਰਾਮ ਦੇ ਯੋਗਤਾ ਸਬੰਧੀ ਨਿਯਮਾਂ ਵਿੱਚ ਤਬਦੀਲੀ ਕੀਤੀ ਗਈ।

ਉਸ ਸਮੇਂ ਤੋਂ ਹੀ ਲੇਬਰ ਮਾਰਕਿਟ ਦੀ ਸਥਿਤੀ ਪਲਟੀ ਤੇ ਈਆਈ ਪ੍ਰੋਗਰਾਮ ਵਿੱਚ ਕੀਤੀਆਂ ਗਈਆਂ ਆਰਜ਼ੀ ਤਬਦੀਲੀਆਂ ਨੂੰ ਵੀ ਉਲਟਾ ਦਿੱਤਾ ਗਿਆ।ਪਰ ਸਵਾਲ ਇਹ ਖੜ੍ਹਾ ਹੋ ਰਿਹਾ ਹੈ ਕਿ ਇਸ ਪ੍ਰੋਗਰਾਮ ਸਿਰ ਚੜ੍ਹੇ ਕਰਜ਼ੇ ਤੋਂ ਮੁਕਤੀ ਕੌਣ ਦਿਵਾਵੇਗਾ? ਇੰਪਲੌਇਰਜ਼ ਤੇ ਵਰਕਰਜ਼ ਨੂੰ ਆਸ ਹੈ ਕਿ ਅਜਿਹਾ ਫੈਡਰਲ ਸਰਕਾਰ ਕਰੇਗੀ।

ਕੈਨੇਡੀਅਨ ਫੈਡਰੇਸ਼ਨ ਆਫ ਇੰਡੀਪੈਂਡੈਂਟ ਬਿਜ਼ਨਸ ਦੇ ਨੈਸ਼ਨਲ ਅਫੇਅਰਜ਼ ਦੀ ਵਾਈਸ ਪ੍ਰੈਜ਼ੀਡੈਂਟ ਜੈਸਮਿਨ ਗੁਐਨੈਤ ਨੇ ਆਖਿਆ ਕਿ ਮੌਜੂਦਾ ਘਾਟਾ ਮਹਾਂਮਾਰੀ ਕਾਰਨ ਪਿਆ ਹੈ ਤੇ ਇਸ ਪਿੱਛੇ ਨਾ ਤਾਂ ਕਸੂਰ ਇੰਪਲੌਈ ਦਾ ਹੈ ਤੇ ਨਾ ਹੀ ਇੰਪਲੌਇਰ ਦਾ ਹੈ। ਦੋ ਸਾਲ ਤੱਕ ਬੰਦ ਰਹਿਣ ਤੋਂ ਬਾਅਦ ਈਆਈ ਪ੍ਰੀਮੀਅਮਜ਼ 2023 ਵਿੱਚ ਕਮਾਏ ਜਾਣ ਵਾਲੇ ਹਰ 100 ਡਾਲਰ ਪਿੱਛੇ ਪੰਜ ਫੀ ਸਦੀ ਵਧਣਗੇ।ਕਾਨੂੰਨ ਮੁਤਾਬਕ ਇੱਕ ਸਾਲ ਲਈ ਇਹ ਵੱਧ ਤੋਂ ਵੱਧ ਇਜਾਫਾ ਹੈ।

ਇਸ ਦੌਰਾਨ ਕੈਨੇਡੀਅਨ ਇੰਪਲੌਇਮੈਂਟ ਇੰਸ਼ੋਰੈਂਸ ਕਮਿਸ਼ਨ ਦੇ ਇੰਪਲੌਇਰਜ਼ ਦੀ ਨੁਮਾਇੰਦਗੀ ਕਰਨ ਵਾਲੀ ਨੈਂਸੀ ਹੈਲੇ ਨੇ ਆਖਿਆ ਕਿ ਇਸ ਸਮੇਂ ਈਆਈ ਉੱਤੇ ਕਰਜ਼ੇ ਦੀ ਜਿਹੜੀ ਪੰਡ ਚੜ੍ਹੀ ਹੋਈ ਹੈ ਉਸ ਨੂੰ ਲੈ ਕੇ ਬਿਜ਼ਨਸ ਤੇ ਲੇਬਰ ਦੋਵੇਂ ਚਿੰਤਤ ਹਨ। ਸਾਰੇ ਇਸ ਗੱਲ ਤੋਂ ਵੀ ਹੈਰਾਨ ਹਨ ਕਿ ਫੈਡਰਲ ਸਰਕਾਰ ਵੀ ਇਸ ਮਾਮਲੇ ਵਿੱਚ ਕੁੱਝ ਨਹੀਂ ਕਰ ਰਹੀ ਤੇ ਮੌਨ ਧਾਰੀ ਬੈਠੀ ਹੈ।

# ਸਕੂਲ ਜਾਣ ਵਾਲੇ ਹਰ ਵਿਦਿਆਰਥੀ ਦੇ ਮਾਪਿਆਂ ਨੂੰ ਫੋਰਡ ਸਰਕਾਰ ਦੇਵੇਗੀ 250 ਡਾਲਰ

...ਪੰਨਾ 1 ਦਾ ਬਾਕੀ

ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਆਖਿਆ ਕਿ ਸਕੂਲ ਜਾਣ ਵਾਲੇ ਬੱਚਿਆਂ, 18 ਸਾਲ ਤੱਕ, ਦੇ ਮਾਪੇ 200 ਡਾਲਰ ਪ੍ਰਤੀ ਬੱਚੇ ਦੇ ਹਿਸਾਬ ਨਾਲ ਅਪਲਾਈ ਕਰ ਸਕਦੇ ਹਨ ਜਦਕਿ ਵਿਸ਼ੇਸ਼ ਲੋੜ ਵਾਲੇ ਸਕੂਲ ਜਾਣ ਵਾਲੇ ਬੱਚਿਆਂ, 21 ਸਾਲ ਤੱਕ ਦੀ ਉਮਰ ਤੱਕ, ਦੇ ਮਾਪੇ 250 ਡਾਲਰ ਪ੍ਰਤੀ ਬੱਚਾ ਅਪਲਾਈ ਕਰ ਸਕਦੇ ਹਨ। ਇਹ ਅਦਾਇਗੀਆਂ ਸੁਰੱਖਿਅਤ ਵੈੱਬਸਾਈਟ, ਜਿਸ ਉੱਤੇ ਮਾਪੇ ਲਾਗ ਇਨ ਕਰ ਸਕਦੇ ਹਨ, ਉੱਤੇ ਉਪਲਬਧ ਹੋਣਗੀਆਂ ਤੇ ਇਸ ਸਬੰਧ ਵਿੱਚ ਅਰਜ਼ੀਆਂ 31 ਮਾਰਚ, 2023 ਤੱਕ ਸਵੀਕਾਰੀਆਂ ਜਾਣਗੀਆਂ।

ਇੱਕ ਸਵਾਲ ਦੇ ਜਵਾਬ ਵਿੱਚ ਲਿਚੇ ਨੇ ਆਖਿਆ ਕਿ ਉਨ੍ਹਾਂ ਨੂੰ ਪੂਰਾ ਯਕੀਨ ਹੈ ਕਿ ਮਦਦ ਲਈ ਅਪਲਾਈ ਕਰਨ ਵਾਲੇ ਇਸ ਪੈਸੇ ਨੂੰ ਉਸ ਕੰਮ ਲਈ ਹੀ ਵਰਤਣਗੇ, ਜਿਸ ਲਈ ਇਹ ਹਾਸਲ ਕੀਤਾ ਜਾਵੇਗਾ ਨਾ ਕਿ ਇਸ ਨਾਲ ਆਪਣਾ ਨਿਜੀ ਕਰਜ਼ਾ ਉਤਾਰਨਗੇ। ਇਸ ਦੌਰਾਨ ਗ੍ਰੀਨ ਪਾਰਟੀ ਆਗੂ ਮਾਈਕ ਸ਼ਰੇਨਰ ਨੇ ਆਖਿਆ ਕਿ ਇਹ ਕੈਚ ਅੱਪ ਪੇਅਮੈਂਟਸ ਮਾਪਿਆਂ ਨੂੰ ਐਜੂਕੇਸ਼ਨ ਵਰਕਰਜ਼ ਦੇ ਖਿਲਾਫ ਕਰਨ ਤੋਂ ਬਿਨਾਂ ਹੋਰ ਕੁੱਝ ਨਹੀਂ। ਇਸ ਦੀ ਥਾਂ ਉੱਤੇ ਅਸੀਂ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਉਹ ਟੈਕਸਦਾਤਾਵਾਂ ਦੇ ਪੈਸੇ ਦੀ ਸੁਚੱਜੀ ਵਰਤੋਂ ਕਰਦੀ ਹੋਈ ਓਨਟਾਰੀਓ ਦੇ ਬੱਚਿਆਂ ਲਈ ਹੋਰ ਐਜੂਕੇਟਰਜ਼ ਹਾਇਰ ਕਰੇ, ਸਾਰੇ ਐਜੂਕੇਸ਼ਨ ਵਰਕਰਜ਼ ਨੂੰ ਉਹ ਪੈਸੇ ਦਿੱਤੇ ਜਾਣ ਜਿਸ ਦੇ ਉਹ ਹੱਕਦਾਰ ਹਨ ਤੇ ਸਕੂਲ ਦੇ ਉਮਰਦਰਾਜ਼ ਹੋ ਚੁੱਕੇ ਇਨਫਰਾਸਟ੍ਰਕਚਰ ਨੂੰ ਦਰੁਸਤ ਕਰਵਾਇਆ ਜਾਵੇ।

# ਮੰਦਵਾੜੇ ਤੇ ਅਫੋਰਡੇਬਿਲਿਟੀ ਬਿੱਲ ਦੇ ਮੁੱਦੇ ਉੱਤੇ ਟਰੂਡੋ ਤੇ ਪੌਲੀਐਵਰ ਦਰਮਿਆਨ ਹੋਈ ਜੰਮ ਕੇ ਬਹਿਸ

ਓਟਵਾ, 20 ਅਕਤੂਬਰ (ਪੋਸਟ ਬਿਊਰੋ) : ਸੰਭਾਵੀ ਮੰਦਵਾੜੇ ਤੇ ਮਹਿੰਗਾਈ ਨਾਲ ਫੈਡਰਲ ਸਰਕਾਰ ਵੱਲੋਂ ਕਿਸ ਤਰ੍ਹਾਂ ਨਜਿੱਠਿਆ ਜਾਣਾ ਚਾਹੀਦਾ ਹੈ ਇਸ ਮੁੱਦੇ ਉੱਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਕੰਜ਼ਰਵੇਟਿਵ ਆਗੂ ਪਿਏਰ ਪੌਲੀਐਵਰ ਦਰਮਿਆਨ ਮੰਗਲਵਾਰ ਨੂੰ ਹਾਊਸ ਆਫ ਕਾਮਨਜ਼ ਵਿੱਚ ਚੰਗੀ ਬਹਿਸ ਹੋਈ। ਇਸ ਦੌਰਾਨ ਟਰੂਡੋ ਨੇ ਪੌਲੀਐਵਰ ਉੱਤੇ ਦੋਸ਼ ਲਾਇਆ ਕਿ ਉਨ੍ਹਾਂ ਦੇ ਹਾਊਸਿੰਗ ਤੇ ਡੈਂਟਲ ਬੈਨੇਫਿਟਸ ਨੂੰ ਲਾਗੂ ਕਰਨ ਸਬੰਧੀ ਬਿੱਲ ਨੂੰ ਪੌਲੀਐਵਰ ਵੱਲੋਂ ਰੋਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।



ਮੰਗਲਵਾਰ ਨੂੰ ਪ੍ਰਸ਼ਨ ਕਾਲ ਦੌਰਾਨ ਪੌਲੀਐਵਰ ਨੇ ਟਰੂਡੋ ਉੱਤੇ ਦੋਸ਼ ਲਾਇਆ ਕਿ ਉਹ ਪ੍ਰਸਤਾਵਿਤ ਅਫੋਰਡੇਬਿਲਿਟੀ ਬਿੱਲ ਤਹਿਤ ਘੱਟ ਆਮਦਨ ਵਾਲੇ ਰੈਂਟਰਜ਼ ਲਈ 500 ਡਾਲਰ ਦੀ ਮਦਦ ਦੇਣ ਦੀਆਂ ਫੜ੍ਹਾਂ ਮਾਰਦੇ ਨਹੀਂ ਥੱਕ ਰਹੇ ਜਦਕਿ ਅੱਜਕੱਲ੍ਹ ਐਨੇ ਕੁ ਪੈਸੇ ਨਾਲ ਤਾਂ ਤੁਸੀਂ ਘਰ ਦੇ ਪਿਛਲੇ ਹਿੱਸੇ ਵਿੱਚ ਡੌਗ ਹਾਊਸ ਵੀ ਰੈਂਟ ਨਹੀਂ ਕਰ ਸਕਦੇ।

ਕਈ ਹੋਰ ਕੰਜ਼ਰਵੇਟਿਵ ਐਮਪੀਜ਼ ਨਾਲ ਪੌਲੀਐਵਰ ਨੇ ਵਾਰੀ ਵਾਰੀ ਕਾਰਬਨ ਟੈਕਸ ਵਿੱਚ ਹੋਰ ਵਾਧਾ ਕਰਨ ਦੀ ਸਰਕਾਰ ਦੀ ਯੋਜਨਾ ਨੂੰ ਖ਼ਤਮ ਕਰਨ ਦੀ ਮੰਗ ਵੀ ਕੀਤੀ।ਉਨ੍ਹਾਂ ਆਖਿਆ ਕਿ ਸਰਦੀਆਂ ਵਿੱਚ ਕੈਨੇਡਾ ਵਿੱਚ ਘਰਾਂ ਨੂੰ ਨਿੱਘਾ ਰੱਖਣਾ ਕੋਈ ਲਗਜ਼ਰੀ ਨਹੀਂ ਹੈ ਤੇ ਫਿਰ ਵੀ ਪ੍ਰਧਾਨ ਮੰਤਰੀ ਇਸ ਪਿੱਛੇ ਲੋਕਾਂ ਨੂੰ ਸਜ਼ਾ ਦੇਣਾ ਚਾਹੁੰਦੇ ਹਨ। ਉਨ੍ਹਾਂ ਆਖਿਆ ਕਿ ਜੇ ਤੀਹਰਾ ਟੈਕਸ ਲਾਉਣ ਦੀ ਆਪਣੀ ਯੋਜਨਾ ਤੋਂ ਟਰੂਡੋ ਪਿੱਛੇ ਨਹੀਂ ਹਟ ਸਕਦੇ ਤਾਂ ਘੱਟੋ ਘੱਟ ਉਨ੍ਹਾਂ ਨੂੰ ਸਿਆਲਾਂ ਵਿੱਚ ਘਰਾਂ ਨੂੰ ਨਿੱਘਾ ਰੱਖਣ ਦੇ ਟੈਕਸ ਵਿੱਚ ਤਾਂ ਲੋਕਾਂ ਨੂੰ ਛੋਟ ਦੇਣੀ ਚਾਹੀਦੀ ਹੈ।

ਇਸ ਉੱਤੇ ਟਰੂਡੋ ਨੇ ਆਖਿਆ ਕਿ ਜੇ ਕੰਜ਼ਰਵੇਟਿਵਾਂ ਨੂੰ ਕੈਨੇਡੀਅਨਜ਼ ਦੀ ਅਫੋਰਡੇਬਿਲਿਟੀ ਦਾ ਐਨਾ ਹੀ ਖਿਆਲ ਹੈ ਤਾਂ ਉਹ ਬਿੱਲ ਸੀ-31 ਨੂੰ ਬਲਾਕ ਕਰਨ ਦੀ ਥਾਂ ਇਸ ਬਿੱਲ ਨੂੰ ਪਾਸ ਕਰਵਾਉਣ ਵਿੱਚ ਉਨ੍ਹਾਂ ਦੀ ਮਦਦ ਕਰਦੇ।

# ਭੋਜਨ ਉਦਯੋਗ ਵਿਚ ਕੰਮ ਕਰਨ ਲਈ ਕੁਈਨਸਵੁੱਡ ਕਾਲਜ ਦੇ ਕੋਰਸ ਲਾਹੇਵੰਦ

ਕੈਨੇਡਾ ਵਿੱਚ ਖੁਸ਼ ਰਹਿਣ ਅਤੇ ਬਿਹਤਰ ਭਵਿੱਖ ਬਣਾਉਣ ਲਈ ਤੁਸੀਂ ਕੁਈਨਸਵੁੱਡ ਕਾਲਜ ਦੁਆਰਾ ਪੇਸ਼ ਕੀਤੇ ਡਿਪਲੋਮਾ ਕੋਰਸਾਂ ਵਿੱਚ ਸ਼ਾਮਲ ਹੋ ਸਕਦੇ ਹੋ (ਜੇਕਰ ਤੁਸੀਂ ਵਿਜ਼ਟਿਰ ਹੋ, ਕੈਨੇਡਾ ਲਈ ਨਵੇਂ ਹੋ, ਕੰਮ ਤੋਂ ਮੁਅੱਤਲ ਹੋ, ਲੇਬਰ ਮਾਰਕੀਟ ਨੂੰ ਛੱਡਣਾ ਚਾਹੁੰਦੇ ਹੋ ਫਿਰ ਕੁਈਨਸਵੁੱਡ ਕਾਲਜ ਤੁਹਾਡੇ ਹੁਨਰ ਨੂੰ ਅਪਗ੍ਰੇਡ ਕਰਨ ਲਈ ਸਹੀ ਜਗ੍ਹਾ ਹੈ)। ਕੁਈਨਸਵੁੱਡ ਕਾਲਜ ਫੂਡ ਸਰਵਿਸ ਵਰਕਰ ਦਾ 14 ਨਵੰਬਰ ਨੂੰ ਨਵਾਂ ਬੈਚ ਸ਼ੁਰੂ ਕਰਨ ਜਾ ਰਿਹਾ ਹੈ।ਫੂਡ ਸਰਵਿਸ ਵਰਕਰ (FSW) ਪ੍ਰੋਗਰਾਮ ਉਹਨਾਂ ਲੋਕਾਂ ਲਈ ਤਿਆਰ ਕੀਤਾ ਗਿਆ ਹੈ, ਜੋ ਭੋਜਨ ਉਦਯੋਗ ਜਾਂ ਸਿਹਤ ਸੰਭਾਲ ਰਸੋਈਆਂ ਵਿੱਚ ਕੰਮ ਕਰਨਾ ਚਾਹੁੰਦੇ ਹਨ। ਵਿਦਿਆਰਥੀਆਂ ਨੂੰ ਭੋਜਨ ਸੰਭਾਲ, ਪੋਸ਼ਣ, ਸੈਨੀਟੇਸ਼ਨ ਅਤੇ ਸੁਰੱਖਿਆ, ਮਾਤਰਾ ਵਿੱਚ ਭੋਜਨ ਤਿਆਰ ਕਰਨ ਵਿੱਚ ਸਿਖਲਾਈ ਦਿੱਤੀ ਜਾਵੇਗੀ। ਕਾਲਜ 120 ਘੰਟਿਆਂ ਲਈ ਹੈਲਥ ਕੇਅਰ ਸੈਟਿੰਗ ਵਿੱਚ ਪ੍ਰੈਕਟਿਕਮ ਪਲੇਸਮੈਂਟ ਦਾ ਪ੍ਰਬੰਧ ਕਰੇਗਾ, ਜੋ ਕਿ ਸਰਕਾਰੀ ਮਾਪਦੰਡਾਂ ਅਤੇ ਰੋਜ਼ਗਾਰ ਲੋੜਾਂ ਨੂੰ ਪੂਰਾ ਕਰਨ ਵਾਲਾ ਵਿਹਾਰਕ ਅਨੁਭਵ ਪ੍ਰਦਾਨ ਕਰੇਗਾ।



ਪ੍ਰੋਗਰਾਮ ਗ੍ਰੈਜੂਏਟ ਹਸਪਤਾਲਾਂ ਵਿੱਚ ਧਇਟਅਰੇ ਓਦਿਏ ਜੋਬਸ, ਹਸਪਤਾਲ ਟ੍ਰੇ ਕੈਰੀਅਰ, ਨਰਸਿੰਗ ਹੋਮਜ਼, ਲੌਂਗ ਟਰਮ ਕੇਅਰ, ਰਿਟਾਇਰਮੈਂਟ ਹੋਮ ਅਤੇ ਏਅਰਲਾਈਨ ਕਿਚਨ ਵਿੱਚ ਨੌਕਰੀਆਂ ਲਈ ਅਰਜ਼ੀ (Application) ਦੇ ਸਕਦੇ ਹਨ। ਉਹ ਇਸ ਬੈਚ ਲਈ ਟਿਊਸ਼ਨ ਫੀਸ ’ਤੇ ਵਿਸ਼ੇਸ਼ ਛੋਟ (Special Discount) ਦੇ ਰਹੇ ਹਨ। ਛੋਟੇ ਕੋਰਸਾਂ ਲਈ ਇਹ ਅਕਾਊਂਟਿੰਗ, ਬੇਸਿਕ ਤੋਂ ਐਡਵਾਂਸਡ ਕੰਪਿਊਟਰ ਕੋਰਸ, ਬੁੱਕ ਕੀਪਿੰਗ, ਕਵਿੱਕਬੁੱਕ, ਅੰਗਰੇਜ਼ੀ ਭਾਸ਼ਾ ਦੇ ਕੋਰਸ, ਡਾਟਾ ਐਂਟਰੀ, ਆਈਲੈਟਸ ਅਤੇ ਸਲਪੀਪ ਦੀ ਪੇਸ਼ਕਸ਼ ਕਰਦਾ ਹੈ।ਛੋਟੇ ਕੋਰਸ ਵੀ ਨੌਕਰੀਆਂ ਪ੍ਰਾਪਤ ਕਰਨ ਲਈ ਲਾਭਦਾਇਕ ਹਨ।ਵਧੇਰੇ ਜਾਣਕਾਰੀ ਲਈ, ਤੁਸੀਂ 905-872-0088 ਤੇ ਕਾਲ ਕਰ ਸਕਦੇ ਹੋ।ਸਾਡੀ Website: www.queenswoodcollege.com ਅਤੇ Address: 2023 William, Pkwy, Unit 3, Brampton, ON, L6S 5N1 ਹੈ।

# ਇੱਕ ਵਿਅਕਤੀ ਨੇ ਘਰ ਦੇ ਅੰਦਰੋਂ ਪੁਲਿਸ ਅਧਿਕਾਰੀਆਂ ਉੱਤੇ ਚਲਾਈਆਂ ਗੋਲੀਆਂ

ਸਕਾਰਬਰੋ, 20 ਅਕਤੂਬਰ (ਪੋਸਟ ਬਿਊਰੋ) : ਸਕਾਰਬਰੋ ਵਿੱਚ ਟੋਰਾਂਟੋ ਪੁਲਿਸ ਇੱਕ ਘਰ ਦੇ ਬਾਹਰ ਮੌਜੂਦ ਹੈ ਤੇ ਇੱਕ ਵਿਅਕਤੀ ਵੱਲੋਂ ਪੁਲਿਸ ਅਧਿਕਾਰੀਆਂ ਉੱਤੇ ਗੋਲੀਆਂ ਚਲਾਈਆਂ ਜਾ ਰਹੀਆਂ ਹਨ।



ਮੰਗਲਵਾਰ ਰਾਤੀਂ 8:00 ਵਜੇ ਕੈਨੇਡੀ ਰੋਡ ਤੇ ਐਗਲਿੰਟਨ ਐਵਨਿਊ ਈਸਟ ਇਲਾਕੇ ਵਿੱਚ ਅਧਿਕਾਰੀਆਂ ਨੂੰ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਸ਼ੈਨਲੇਅ ਰੋਡ ਉੱਤੇ ਇੱਕ ਵਿਅਕਤੀ ਘਰ ਦੇ ਅੰਦਰ ਮੌਜੂਦ ਹੈ ਤੇ ਉਹ ਘਰ ਦੇ ਬਾਹਰ ਇੱਕਠੇ ਹੋਏ ਪੁਲਿਸ ਅਧਿਕਾਰੀਆਂ ਉੱਤੇ ਗੋਲੀਆਂ ਚਲਾ ਰਿਹਾ ਹੈ। ਅਜੇ ਤੱਕ ਕਿਸੇ ਦੇ ਜ਼ਖ਼ਮੀ ਹੋਣ ਦੀ ਖਬਰ ਨਹੀਂ ਹੈ।

ਇੱਥੇ ਭਾਰੀ ਮਾਤਰਾ ਵਿੱਚ ਪੁਲਿਸ ਮੌਜੂਦ ਹੈ ਤੇ ਜਾਂਚਕਾਰਾਂ ਵੱਲੋਂ ਜਨਤਾ ਨੂੰ ਇਸ ਇਲਾਕੇ ਤੋਂ ਪਾਸੇ ਰਹਿਣ ਦੀ ਅਪੀਲ ਕੀਤੀ ਜਾ ਰਹੀ ਹੈ। ਪੁਲਿਸ ਵੱਲੋਂ ਸਥਾਨਕ ਵਾਸੀਆਂ ਨੂੰ ਆਪੋ ਆਪਣੇ ਘਰ ਦੀ ਬੇਸਮੈਂਟ ਵਿੱਚ ਪਨਾਹ ਲੈਣ ਦੀ ਅਪੀਲ ਵੀ ਕੀਤੀ ਜਾ ਰਹੀ ਹੈ।

# ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ 20 ਸਾਲਾ ਲੜਕੀ ਜ਼ਖ਼ਮੀ

ਬਰੈਂਪਟਨ, 20 ਅਕਤੂਬਰ (ਪੋਸਟ ਬਿਊਰੋ) : ਸੋਮਵਾਰ ਸ਼ਾਮ ਨੂੰ ਬਰੈਂਪਟਨ ਵਿੱਚ ਇੱਕ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ 20 ਸਾਲਾ ਲੜਕੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਈ।




ਇਹ ਹਾਦਸਾ ਹਾਈਵੇਅ 407 ਤੋਂ ਉੱਤਰ ਵੱਲ ਰੇਅ ਲਾਅਸਨ ਬੁਲੇਵਾਰਡ ਤੇ ਮੈਕਲਾਫਲਿਨ ਰੋਡ ਉੱਤੇ ਸ਼ਾਮੀਂ 6:30 ਵਜੇ ਦੇ ਨੇੜੇ ਤੇੜੇ ਵਾਪਰਿਆ।ਜ਼ਖ਼ਮੀ ਲੜਕੀ ਨੂੰ ਟਰੌਮਾ ਸੈਂਟਰ ਲਿਜਾਇਆ ਗਿਆ। ਉਸ ਦੀ ਹਾਲਤ ਨਾਜ਼ੁਕ ਪਰ ਸਥਿਰ ਦੱਸੀ ਜਾਂਦੀ ਹੈ। ਪੀਲ ਪੁਲਿਸ ਨੇ ਦੱਸਿਆ ਕਿ ਇਸ ਘਟਨਾ ਵਿੱਚ ਸ਼ਾਮਲ ਗੱਡੀ ਮੌਕੇ ਉੱਤੇ ਹੀ ਮੌਜੂਦ ਰਹੀ।

ਕਿਸੇ ਖਿਲਾਫ ਚਾਰਜ ਲਾਏ ਗਏ ਹਨ ਜਾਂ ਨਹੀਂ ਇਸ ਬਾਰੇ ਪੁਲਿਸ ਵੱਲੋਂ ਕੋਈ ਜਾਣਕਾਰੀ ਨਹੀਂ ਦਿੱਤੀ ਗਈ।ਜਾਂਚ ਲਈ ਇਸ ਇਲਾਕੇ ਦੀਆਂ ਸੜਕਾਂ ਨੂੰ ਬੰਦ ਕਰ ਦਿੱਤਾ ਗਿਆ ਸੀ









## ਬਾਰ ਦੇ ਬਾਹਰ ਚਾਕੂ ਮਾਰੇ ਜਾਣ ਕਾਰਨ ਇੱਕ ਵਿਅਕਤੀ ਦੀ ਹੋਈ ਮੌਤ, ਇੱਕ ਗ੍ਰਿਫਤਾਰ




ਐਜੈਕਸ, 20 ਅਕਤੂਬਰ (ਪੋਸਟ ਬਿਊਰੋ) : ਸ਼ਨਿੱਚਰਵਾਰ ਸਵੇਰੇ ਐਜੈਕਸ ਬਾਰ ਦੇ ਬਾਹਰ ਹੋਈ ਲੜਾਈ ਦੌਰਾਨ ਇੱਕ ਵਿਅਕਤੀ ਵੱਲੋਂ ਦੂਜੇ ਨੂੰ ਘਾਤਕ ਰੂਪ ਵਿੱਚ ਚਾਕੂ ਮਾਰ ਦੇਣ ਦੇ ਸਬੰਧ ਵਿੱਚ 33 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਦੋ ਵਿਅਕਤੀਆਂ ਦਰਮਿਆਨ ਹੋਈ ਲੜਾਈ ਤੋਂ ਬਾਅਦ ਰਾਤੀਂ 2:00 ਵਜੇ ਪੁਲਿਸ ਨੂੰ ਵੈਸਟਨੇਅ ਰੋਡ ਤੇ ਲੇਕ ਡਰਾਈਵਵੇਅ ਇਲਾਕੇ ਵਿੱਚ ਕਿੰਗਜ਼ ਕਾਸਲ ਬਾਰ ਐਂਡ ਗ੍ਰਿੱਲ ਦੇ ਪਾਰਕਿੰਗ ਲੌਟ ਵਿੱਚ ਸੱਦਿਆ ਗਿਆ। ਲੜਾਈ ਦੌਰਾਨ ਇੱਕ ਵਿਅਕਤੀ ਨੇ ਚਾਕੂ ਕੱਢ ਲਿਆ ਤੇ ਦੂਜੇ ਵਿਅਕਤੀ ਉੱਤੇ ਤੇਜ਼ੀ ਨਾਲ ਵਾਰ ਕਰਨ ਲੱਗਿਆ। ਜ਼ਖ਼ਮੀ ਹਾਲਤ ਵਿੱਚ ਉਸ ਵਿਅਕਤੀ ਨੂੰ ਹਸਪਤਾਲ ਲਿਜ-ਾਇਆ ਗਿਆ, ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਹਾਲਾਂਕਿ ਪਰਿਵਾਰ ਦੇ ਕਹਿਣ ਉੱਤੇ ਪੁਲਿਸ ਮ੍ਰਿਤਕ ਦੇ ਨਾਂ ਦਾ ਖੁਲਾਸਾ ਨਹੀਂ ਕਰ ਰਹੀ ਸੀ ਪਰ ਇੰਸਟਾਗ੍ਰਾਮ ਪੋਸਟ ਉੱਤੇ ਤਾਮਿਲ ਐਲਮ ਫੁੱਟਬਾਲ ਐਸੋਸਿਏਸ਼ਨ ਵੱਲੋਂ ਮ੍ਰਿਤਕ ਦੀ ਪਛਾਣ 28 ਸਾਲਾਂ ਦੇ ਅਰੁਣ ਵਿਗਨੇਸ਼ਵਰਾਜਾਹ ਵਜੋਂ ਕੀਤੀ ਗਈ ਹੈ। ਐਤਵਾਰ ਨੂੰ ਪੁਲਿਸ ਨੇ ਐਜੈਕਸ ਦੇ ਚਾਰਡ ਪੈਟ੍ਰਿਕ ਨੂੰ ਸੈਕਿੰਡ ਡਿਗਰੀ ਮਰਡਰ ਦੇ ਸਬੰਧ ਵਿੱਚ ਚਾਰਜ ਕੀਤਾ।

ਪੁਲਿਸ ਨੇ ਦੱਸਿਆ ਕਿ ਛੁਰੇਬਾਜ਼ੀ ਤੋਂ ਬਾਅਦ ਪਾਰਕਿੰਗ ਲੌਟ ਵਿੱਚ ਹੀ ਇੱਕ ਗੱਡੀ ਨਾਲ ਟਕਰਾਅ ਜਾਣ ਕਾਰਨ ਪੈਟ੍ਰਿਕ ਜ਼ਖ਼ਮੀ ਹੋ ਗਿਆ ਤੇ ਉਸ ਨੂੰ ਹਸਪਤਾਲ ਲਿਜ-ਾਇਆ ਗਿਆ, ਜਿੱਥੇ ਉਸ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ। ਉਸ ਨੂੰ ਟੱਕਰ ਮਾਰਨ ਵਾਲੀ ਗੱਡੀ ਦੇ ਡਰਾਈਵਰ ਨੂੰ ਖਤਰਨਾਕ ਢੰਗ ਨਾਲ ਗੱਡੀ ਚਲਾਉਣ ਤੇ ਸ਼ਰੀਰਕ ਨੁਕਸਾਨ ਪਹੁੰਚਾਉਣ ਦੇ ਸਬੰਧ ਵਿੱਚ ਚਾਰਜ ਕੀਤਾ ਗਿਆ ਹੈ।

## ਬਰੈਂਪਟਨ ਨੇ ਲਾਂਚ ਕੀਤਾ ਆਪਣਾ ਪਹਿਲਾ ਕਮਿਊਨਿਟੀ ਸੇਫਟੀ ਐਕਸ਼ਨ ਪਲੈਨ



ਬਰੈਂਪਟਨ, 20 ਅਕਤੂਬਰ (ਪੋਸਟ ਬਿਊਰੋ) : ਬੀਤੇ ਦਿਨੀਂ ਸਿਟੀ ਆਫ ਬਰੈਂਪਟਨ ਵੱਲੋਂ ਪਹਿਲੀ ਵਾਰੀ ਕਮਿਊਨਿਟੀ ਸੇਫਟੀ ਐਕਸ਼ਨ ਪਲੈਨ ਲਾਂਚ ਕੀਤਾ ਗਿਆ ਹੈ।

ਬਰੈਂਪਟਨ ਸਿਹਤਮੰਦ ਤੇ ਸੇਫ ਸਿਟੀ ਹੈ। ਆਪਣੇ ਭਾਈਵਾਲਾਂ ਨਾਲ ਮਿਲ ਕੇ ਸਿਟੀ ਵੱਲੋਂ ਸਸ਼ਕਤ ਤੇ ਇੱਕ ਦੂਜੇ ਨਾਲ ਜੁੜੀ ਹੋਈ ਕਮਿਊਨਿਟੀ ਦਾ ਟੀਚਾ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿੱਥੇ ਕਮਿਊਨਿਟੀ ਦਾ ਹਰ ਮੈਂਬਰ ਖੁਦ ਨੂੰ ਸੇਫ ਮਹਿਸੂਸ ਕਰੇ, ਇਸ ਨਾਲ ਜੁੜਿਆ ਮਹਿਸੂਸ ਕਰੇ ਤੇ ਹਰ ਕਿਸੇ ਦੀਆਂ ਸਾਰੀਆ ਲੋੜਾਂ ਪੂਰੀਆਂ ਹੋ ਸਕਣ। ਇਸ ਐਕਸ਼ਨ ਪਲੈਨ ਵਿੱਚ ਤਿੰਨ ਅਜਿਹੇ ਖੇਤਰਾਂ ਦੀ ਪਛਾਣ ਕੀਤੀ ਗਈ ਹੈ ਜਿਨ੍ਹਾਂ ਉੱਤੇ ਜ਼ਿਆਦਾ ਧਿਆਨ ਦਿੱਤਾ ਜਾਣਾ ਹੈ ਤੇ ਇਹ ਹਨ ਸੇਫਟੀ, ਜਾਗਰੂਕਤਾ ਤੇ ਸਸ਼ਕਤੀਕਰਣ। ਇਨ੍ਹਾਂ ਤਹਿਤ ਕੀਤੇ ਜਾਣ ਵਾਲੇ ਖਾਸ ਉਪਰਾਲੇ 2022 ਤੋਂ 2027 ਤੱਕ ਲਾਗੂ ਕੀਤੇ ਜਾਣਗੇ। ਇਸ ਪਲੈਨ ਦੇ ਲਾਗੂ ਹੋਣ ਨਾਲ ਰੈਜ਼ੀਡੈਂਟਸ ਦੀਆਂ ਸੇਫਟੀ ਸਬੰਧੀ ਚਿੰਤਾਵਾਂ ਖ਼ਤਮ ਹੋ ਜਾਣਗੀਆਂ, ਉਹ ਕਮਿਊਨਿਟੀ ਨਾਲ ਹੋਰ ਨੇੜਿਓਂ ਜੁੜ ਸਕਣਗੇ ਤੇ ਆਪਣੇ ਗੁਆਂਢ ਦੀ ਸੇਫਟੀ ਤੇ ਬਿਹਤਰੀ ਲਈ ਅਹਿਮ ਯੋਗਦਾਨ ਪਾ ਸਕਣਗੇ। ਇਸ ਦੇ ਨਾਲ ਹੀ ਇੱਥੋਂ ਦੇ ਰੈਜ਼ੀਡੈਂਟਸ ਕਮਿਊਨਿਟੀ ਨੈੱਟਵਰਕਸ ਤੇ ਸਰਵਿਸ ਪ੍ਰੋਵਾਈਡਰਜ਼ ਨਾਲ ਵੀ ਨੇੜਿਓਂ ਜੁੜ ਸਕਣਗੇ।

ਸਿਟੀ ਦਾ ਕਮਿਊਨਿਟੀ ਸੇਫਟੀ ਤੇ ਵੈੱਲ-ਬੀਂਗ ਆਫਿਸ ਕਮਿਊਨਿਟੀ ਸੇਫਟੀ ਐਕਸ਼ਨ ਪਲੈਨ ਨੂੰ ਵਿਕਸਤ ਕਰਨ ਲਈ ਸਾਰੇ ਸਿਟੀ ਡਿਪਾਰਟਮੈਂਟਸ ਨਾਲ ਅੰਦਰੂਨੀ ਤੌਰ ਉੱਤੇ ਜੁੜਿਆ ਹੋਵ-ੇਗਾ। ਰੈਜ਼ੀਡੈਂਟਸ ਨੂੰ ਇਸ ਪਲੈਨ ਦੀ ਹੋਰ ਜਾਣਕਾਰੀ ਹੇਠ ਲਿਖੇ ਅਨੁਸਾਰ ਮੁਹੱਈਆ ਕਰਵਾਈ ਜਾਵੇਗੀ :

- ਟਾਊਨ ਹਾਲ ਮੀਟਿੰਗਾਂ ਰਾਹੀਂ
- ਰੈਜ਼ੀਡੈਂਟਸ ਮੀਟਿੰਗਜ਼ ਰਾਹੀਂ
- ਸਿਟੀਜ਼ਨ ਐਡਵਾਈਜ਼ਰੀ ਕਮੇਟੀ ਸਟਰੈਟੇਜੀ ਸੈਸ਼ਨ
- ਸਿਟੀ ਕਾਊਂਸਲ ਇੰਟਰਵਿਊਜ਼
- ਸਟਾਫ ਤੇ ਐਕਸਟਰਨਲ ਪਾਰਟਨਰ ਐਂਗੇਜਮੈਂਟ
- ਨਰਚਰਿੰਗ ਨੇਬਰਹੁੱਡ ਪ੍ਰੋਗਰਾਮ ਰਾਹੀਂ 1800 ਰੈਜ਼ੀਡੈਂਟਸ ਕੋਲੋਂ ਹਾਸਲ ਹੋਣ ਵਾਲਾ ਡਾਟਾ
- ਡਰਾਫਟ ਜਾਰੀ ਹੋਣ ਤੋਂ ਬਾਅਦ ਕਮਿਊਨਿਟੀ ਦੀ ਹਿੱਸੇਦਾਰੀ ਵਾਲੇ ਪੜਾਅ ਦੀ ਸ਼ੁਰੂਆਤ ਜਿਸ ਵਿੱਚ 330 ਇੰਟਰੈਕਸ਼ਨਜ਼ ਤੋਂ ਵੱਧ ਸ਼ਾਮਲ ਹੋਣਗੀਆਂ

## ਵਿਗਿਆਨੀਆਂ ਨੇ ਲੱਭਿਆ ਨਵਾਂ ਬਲੱਡ ਗਰੁੱਪ




ਓਟਵਾ, 20 ਅਕਤੂਬਰ (ਪੋਸਟ ਬਿਊਰੋ) : ਸਾਡੇ ਵਿੱਚੋਂ ਬਹੁਤੇ ਆਪਣੇ ਬਲੱਡ ਟਾਈਪ ਨੂੰ ਲੈ ਕੇ ਜਾਗਰੂਕ ਹਨ ਪਰ ਪਿੱਛੇ ਜਿਹੇ ਬਲੱਡ ਟਾਈਪਸ ਦੇ ਨਵੇਂ ਗਰੁੱਪ ਦੀ ਭਾਲ ਨੂੰ ਜ਼ਿੰਦਗੀਆਂ ਬਚਾਉਣ ਲਈ ਅਹਿਮ ਦੱਸਿਆ ਜਾ ਰਿਹਾ ਹੈ।

ਵਿਗਿਆਨੀਆਂ ਅਨੁਸਾਰ ਇਸ ਨਵੇਂ ਬਲੱਡ ਗਰੁੱਪ ਨੂੰ ਈਆਰ ਦਾ ਨਾਂ ਦਿੱਤਾ ਗਿਆ ਹੈ। ਈਆਰ ਡਾਕਟਰਾਂ ਨੂੰ ਉਸ ਸਮੇਂ ਸਿਹਤ ਸਬੰਧੀ ਦਿੱਕਤਾਂ ਨੂੰ ਸਮਝਣ ਵਿੱਚ ਮਦਦ ਕਰ ਸਕਦਾ ਹੈ ਜਦੋਂ ਬਲੱਡ ਟਾਈਪ ਅਢੁਕਵੇਂ ਹੋਣ। ਯੂਨੀਵਰਸਿਟੀ ਹੈਲਥ ਨੈੱਟਵਰਕ ਦੀ ਹੇਮੇਟੋਲੋਜਿਸਟ ਡਾ. ਕ੍ਰਿਸਟੀਨ ਸੈਰਤੀ ਗਾਜ਼ਦੇਵਿੱਚ ਨੇ ਦੱਸਿਆ ਕਿ ਇਹ ਸੱਭ ਉਸ ਸਮੇਂ ਸ਼ੁਰੂ ਹੋਇਆ ਜਦੋਂ ਦੁਨੀਆਂ ਭਰ ਦੀਆਂ ਵੱਖ ਵੱਖ ਥਾਂਵਾਂ ਤੋਂ 30 ਜਾਂ ਵਧੇਰੇ ਲੋਕਾਂ ਨੂੰ ਇਮਿਊਨ ਸਿਸਟਮ ਦੇ ਮਾੜੇ ਪ੍ਰਭਾਵਾਂ ਦਾ ਸਾਹਮਣਾ ਕਰਨਾ ਪਿਆ, ਫਿਰ ਭਾਵੇਂ ਉਹ ਕਿਸੇ ਵਿਅਕਤੀ ਦੇ ਟਰਾਂਸਫਿਊਜ਼ਨ ਜਾਂ ਕਿਸੇ ਵਿਅਕਤੀ ਤੇ ਉਸ ਦੇ ਅਣਜੰਮੇਂ ਬੱਚੇ ਦਰਮਿਆਨ ਹੋਇਆ ਹੋਵੇ।

ਇਸ ਨਵੇਂ ਈਆਰ ਬਲੱਡ ਗਰੁੱਪ ਨੂੰ ਏ, ਬੀ ਤੇ ਓ ਵਰਗੇ ਪ੍ਰਚਲਤ ਬਲੱਡ ਗਰੁੱਪਜ਼ ਦੀ ਸੂਚੀ ਵਿੱਚ 44ਵੇਂ ਸਥਾਨ ਉੱਤੇ ਦਰਜ ਕਰ ਲਿਆ ਗਿਆ ਹੈ। ਖੋਜਾਰਥੀਆਂ ਦਾ ਕਹਿਣਾ ਹੈ ਕਿ ਜੈਨੇਟਿਕ ਵੱਖਰੇਵਿਆਂ ਦੇ ਅਧਾਰ ਉੱਤੇ ਇਸ ਗਰੁੱਪ ਵਿੱਚ ਕੁੱਲ ਪੰਜ ਈਆਰ ਐਂਟੀਜਨਜ਼ ਸ਼ਾਮਲ ਕੀਤੇ ਗਏ ਹਨ। ਜਦੋਂ ਸ਼ਰੀਰ ਐਂਟੀਜਨਜ਼ ਤਿਆਰ ਕਰਦਾ ਹੈ ਤਾਂ ਉਹ ਈਆਰ ਐਂਟੀਜਨਜ਼ ਨਾਲ ਮੇਲ ਖਾਂਦੇ ਹਨ ਤੇ ਜਦੋਂ ਇਹ ਕਿਸੇ ਬਾਹਰੀ ਚੀਜ਼ ਦੀ ਪਛਾਣ ਕਰਦੇ ਹਨ ਤਾਂ ਇਮਿਊਨ ਸੈੱਲਜ਼ ਕਿਸੇ ਤਰ੍ਹਾਂ ਦੇ ਬਲੱਡ ਟਰਾਂਸਫਿਊਜ਼ਨ ਜਾਂ ਗਰਭਕਾਲ ਦੌਰਾਨ ਮੇਲ ਨਾ ਖਾਣ ਵਾਲੇ ਸੈੱਲਜ਼ ਉੱਤੇ ਹਮਲਾ ਕਰਦੇ ਹਨ।

ਗਾਜ਼ਦੇਵਿੱਚ ਨੇ ਦੱਸਿਆ ਕਿ ਬਹੁਤੇ ਮਨੁੱਖਾਂ ਕੋਲ ਮੌਲੀਕਿਊਲਜ਼ ਦਾ ਇੱਕੋ ਜਿਹਾ ਵਰਜ਼ਨ ਹੀ ਹੁੰਦਾ ਹੈ ਤੇ ਦੁਨੀਆਂ ਵਿੱਚ ਅਜਿਹੇ ਚੰਦ ਕੁ ਲੋਕ ਹਨ ਜਿਨ੍ਹਾਂ ਕੋਲ ਇਹ ਮੌਲਿਊਕਿਊਲ ਨਹੀਂ ਹੈ ਜਾਂ ਫਿਰ ਇਸ ਦਾ ਕੋਈ ਵੱਖਰਾ ਵਰਜ਼ਨ ਹੈ ਕਿ ਜਦੋਂ ਉਨ੍ਹਾਂ ਦਾ ਕਿਸੇ ਵਾਈਲਡ ਟਾਈਪ ਨਾਲ ਸਾਹਮਣਾ ਹੁੰਦਾ ਹੈ ਜਾਂ ਕਾਮਨ ਵਰਜ਼ਨ ਨਾਲ ਸਾਹਮਣਾ ਹੁੰਦਾ ਹੈ ਤਾਂ ਉਹ ਐਂਟੀਬਾਡੀਜ਼ ਬਣਾਉਣ ਲੱਗਦੇ ਹਨ ਤੇ ਉਸ ਬਲੱਡ ਸੈੱਲ ਨੂੰ ਨਕਾਰ ਦਿੰਦੇ ਹਨ।

ਡਾਕਟਰਾਂ ਨੂੰ ਇਹ ਨਵਾਂ ਬਲੱਡ ਟਾਈਪ ਯੂ ਕੇ ਦੀ ਇੱਕ ਅਜਿਹੀ ਮਹਿਲਾ ਦਾ ਆਪਰੇਸ਼ਨ ਕਰਨ ਉੱਤੇ ਮਿਲਿਆ ਜਿਸਦੇ ਅਣਜੰਮੇਂ ਬੱਚੇ ਦੀ ਮੌਤ ਹੋ ਗਈ ਸੀ। ਇਸ ਮਹਿਲਾ ਦੇ ਬਲੱਡ ਵਿੱਚ ਅਣਪਛਾਤੀਆਂ ਐਂਟੀਬਾਡੀਜ਼ ਮਿਲੀਆਂ ਜਿਸ ਕਾਰਨ ਇਸ ਬਲੱਡ ਗਰੁੱਪ ਦਾ ਖੁਲਾਸਾ ਹੋ ਸਕਿਆ। ਵਿਗਿਆਨੀਆਂ ਦਾ ਕਹਿਣਾ ਹੈ ਕਿ ਹੋ ਸਕਦਾ ਹੈ ਕਿ ਇਹ ਵਿਲੱਖਣ ਖੋਜ ਹੋਵੇ, ਪਰ ਇਸ ਦੀ ਸਮਝ ਨਾਲ ਉਨ੍ਹਾਂ ਡਾਕਟਰਾਂ ਨੂੰ ਮਦਦ ਮਿਲੇਗੀ ਜਿਨ੍ਹਾਂ ਨੂੰ ਆਪਣੇ ਮਰੀਜ਼ਾਂ ਦੀ ਬਿਮਾਰੀ ਦਾ ਡਾਇਗਨੋਜ਼ ਕਰਨ ਵਿੱਚ ਦਿੱਕਤ ਆਉਂਦੀ ਹੈ।

## ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਤੇ ਕੈਨੇਡੀਅਨ ਪੰਜਾਬੀ ਕੌਂਸਲ ਨੇ ਬਰਲਿੰਗਟਨ 'ਚ ਕਰਵਾਇਆ ਕਵੀ-ਦਰਬਾਰ

### ਭਾਰਤ ਤੋਂ ਆਏ ਉੱਘੇ ਗ਼ਜ਼ਲਗੋ ਗੁਰਦਿਆਲ ਰੌਸ਼ਨ, ਅੰਜੁਮ ਲੁਧਿਆਣਵੀ ਤੇ ਵਰਿਆਮ ਮਸਤ ਨੇ ਕੀਤੀ ਸ਼ਿਰਕਤ








ਬਰੈਂਪਟਨ, (ਡਾ. ਝੰਡ)- ਬਰੈਂਪਟਨ ਵਿਚ ਪਿਛਲੇ ਗਿਆਰਾਂ ਸਾਲ ਤੋਂ ਸਰਗ਼ਰਮ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਅਤੇ ਬਰਲਿੰਗਟਨ ਵਿਚ ਨਵ-ਗਠਿਤ ਕੈਨੇਡੀਅਨ ਪੰਜਾਬੀ ਕੌਂਸਲ ਵੱਲੋਂ ਮਿਲ ਕੇ ਲੰਘੇ ਸ਼ਨੀਵਾਰ 15 ਅਕਤੂਬਰ ਨੂੰ ਗੁਰੂ ਨਾਨਕ ਦੇਵ ਜੀ ਦੇ 553'ਵੇਂ ਪ੍ਰਕਾਸ਼-ਪੁਰਬ ਨੂੰ ਸਮਰਪਿੱਤ ਦੂਸਰਾ ਕਵੀ-ਦਰਬਾਰ ਬਰਲਿੰਗਟਨ ਵਿਖੇ ਕਰਵਾਇਆ ਗਿਆ। ਇਸ ਤੋਂ ਪਹਿਲਾਂ ਜੁਲਾਈ 2019 ਵਿਚ ਓਕਵਿਲ ਵਿਚ ਅਜਿਹਾ ਕਵੀ-ਦਰਬਾਰ ਕਰਵਾਇਆ ਗਿਆ ਸੀ। ਗੁਰੂ ਨਾਨਕ ਦੇਵ ਜੀ ਦੇ 553'ਵੇਂ ਪ੍ਰਕਾਸ਼-ਪੁਰਬ ਨੂੰ ਸਮੱਰਿਪਤ ਇਹ ਕਵੀ-ਦਰਬਾਰ ਸਮਾਗ਼ਮ ਬਰਲਿੰਗਟਨ ਦੇ 1377 ਵੱਕਰ ਲਾਈਨ ਸਥਿਤ ਫ਼ੈਲੋਸ਼ਿਪ ਹਾਲ ਵਿਚ ਬਾਅਦ ਦੁਪਹਿਰ 2.30 ਵਜੇ ਆਰੰਭ ਹੋਇਆ ਅਤੇ ਸ਼ਾਮ ਦੇ ਛੇ ਵਜੇ ਤੱਕ ਚੱਲਦਾ ਰਿਹਾ। ਇਸ ਮੌਕੇ ਪ੍ਰਧਾਨਗੀ-ਮੰਡਲ ਵਿਚ ਭਾਰਤ ਤੋਂ ਆਏ ਉਸਤਾਦ ਗ਼ਜ਼ਲਗੋ ਗੁਰਦਿਆਲ ਰੌਸ਼ਨ, ਅੰਜੁਮ ਲੁਧਿਆਣਵੀ ਤੇ ਵਰਿਆਮ ਮਸਤ ਦੇ ਨਾਲ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਅਤੇ ਕੈਨੇਡੀਅਨ ਪੰਜਾਬੀ ਕੌਂਸਲ ਵੱਲੋਂ ਡਾ. ਪਰਗਟ ਸਿੰਘ ਬੱਗਾ ਸੁਸ਼ੋਭਿਤ ਸਨ।

ਸਮਾਗ਼ਮ ਵਿਚ ਆਏ ਮਹਿਮਾਨਾਂ ਦੇ ਰਸਮੀ ਸੁਆਗਤ ਤੋਂ ਬਾਅਦ ਸਮਾਗ਼ਮ ਦੀ ਸ਼ੁਰੂਆਤ ਮੰਚ ਸੰਚਾਲਕ ਤਲਵਿੰਦਰ ਮੰਡ ਵੱਲੋਂ ਬਰੈਂਪਟਨ ਦੇ ਸੁਰੀਲੇ ਗਾਇਕ ਇਕਬਾਲ ਬਰਾੜ ਵੱਲੋਂ ਗੁਰੂ ਨਾਨਕ ਦੇਵ ਜੀ ਦੀ ਸਾਰੇ ਬ੍ਰਹਿਮੰਡ ਨੂੰ ਕਲਾਵੇ ਵਿਚ ਲੈਂਦੀ ਮਹਾਨ ਆਰਤੀ 'ਗਗਨ ਮਹਿ ਥਾਲ ਰਵਿ ਚੰਦ ਦੀਪਕ ਬਨੇ' ਨਾਲ ਕਰਵਾਈ ਗਈ। ਉਪਰੰਤ, ਉੱਘੇ ਵਿਦਵਾਨ ਪੂਰਨ ਸਿੰਘ ਪਾਂਧੀ ਵੱਲੋਂ ਗੁਰੂ ਸਾਹਿਬ ਦੇ ਮਹਾਨ ਉਪਦੇਸ਼ਾਂ ਅਤੇ ਉਨ੍ਹਾਂ ਦੀਆਂ ਮਨੁੱਖਤਾ ਦੇ ਲਈ ਅਨਮੋਲ ਸਿੱਖਿਆਵਾਂ ਬਾਰੇ ਬੜੇ ਭਾਵਪੂਰਤ ਸ਼ਬਦਾਂ ਵਿਚ ਚਾਨਣਾ ਪਾਇਆ ਗਿਆ। ਇਸ ਦੇ ਨਾਲ ਮੰਚ-ਸੰਚਾਲਕ ਵੱਲੋਂ ਸੱਭ ਤੋਂ ਪਹਿਲਾਂ ਲਹਿੰਦੇ ਪੰਜਾਬ ਦੇ ਸ਼ਾਇਰ ਮਕਸੂਦ ਚੌਧਰੀ ਨੂੰ ਆਪਣਾ ਕਲਾਮ ਪੇਸ਼ ਕਰਨ ਲਈ ਕਿਹਾ ਗਿਆ ਅਤੇ ਫਿਰ ਵਾਰੋ-ਵਾਰੀ ਪੈਰਿਸ ਤੋਂ ਆਏ ਰਜਿੰਦਰ ਸਿੰਘ, ਲਹਿੰਦੇ ਪੰਜਾਬ ਦੇ ਮਸ਼ਹੂਰ ਵਕੀਲ ਸਮੀਉੱਲਾਹ ਖ਼ਾਨ, ਪੰਜਾਬ ਯੂਨੀਵਰਸਿਟੀ ਲਾਹੌਰ ਦੇ ਸਾਬਕਾ ਪ੍ਰੋਫ਼ੈਸਰ ਆਸ਼ਿਕ ਰਹੀਲ, ਲਾਹੌਰ ਤੋਂ ਸ਼ਬਨਮ ਜ਼ਫ਼ਰ, ਬਰੈਂਪਟਨ ਤੋਂ ਜਗਮੋਹਨ ਸੰਘਾ, ਸੁਖਦੇਵ ਝੰਡ, ਉੱਘੇ ਗ਼ਜ਼ਲਗੋ ਭੁਪਿੰਦਰ ਦੁਲੇ, ਹਰਦਿਆਲ ਝੀਤਾ, ਮਹਿੰਦਰਪਾਲ ਸਿੰਘ, ਪਰਮਜੀਤ ਢਿੱਲੋਂ, ਸੰਜੀਵ ਕਾਫ਼ਿਰ, ਹੀਰਾ ਸਿੰਘ ਹੰਸਪਾਲ, ਪ੍ਰਿੰ. ਗਿਆਨ ਸਿੰਘ ਘਈ, ਗਿਆਨ ਸਿੰਘ ਦਰਦੀ, ਪ੍ਰਿਤਪਾਲ ਸਿੰਘ ਚੱਗਰ, ਈਸ਼ਰ ਸਿੰਘ, ਮੇਜਰ ਸਿੰਘ ਨਾਗਰਾ, ਰੂਬੀ ਕਰਤਾਰਪੁਰੀ, ਸੁੰਦਰਪਾਲ ਰਾਜਾਸਾਂਸੀ ਅਤੇ ਇਨ੍ਹਾਂ ਦੇ ਵਿਚਾਲੇ ਬਰਲਿੰਗਟਨ ਤੇ ਹੋਰ ਸ਼ਹਿਰਾਂ ਤੋਂ ਆਏ ਕਵੀ-ਕਵਿੱਤਰੀਆਂ ਜਰਨੈਲ ਮੱਲ੍ਹੀ, ਬਰਿੰਦਰਪਾਲ, ਅਜੀਤ ਹਿਰਖ਼ੀ, ਰਣਜੀਤ ਕੌਰ ਅਰੋੜਾ, ਰਾਜ ਗੁਪਤਾ, ਜਸਪਾਲ ਸਿੰਘ ਦਸੂਵੀ, ਨਿਰਵੈਰ ਸਿੰਘ ਅਰੋੜਾ, ਕੇਵਲ ਸਿੰਘ ਜੰਡੂ, ਨਿਰਮਲ ਜਸਵਾਲ ਤੇ ਕਈ ਹੋਰਨਾਂ ਨੇ ਆਪਣੀਆਂ ਰਚਨਾਵਾਂ ਸਰੋਤਿਆਂ ਸਾਂਝੀਆਂ ਕੀਤੀਆਂ। ਇਨ੍ਹਾਂ ਤੋਂ ਇਲਾਵਾ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਸਰਪ੍ਰਸਤ ਬਲਰਾਜ ਚੀਮਾਂ ਵੱਲੋਂ ਇਸ ਕਵੀ-ਦਰਬਾਰ ਦੀ ਗਿਣਾਤਮਿਕ ਤੇ ਗੁਣਾਤਮਿਕ ਪੱਖੋਂ ਭਾਰੀ ਸਫ਼ਲਤਾ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ ਗਏ।

ਪ੍ਰਧਾਨਗੀ-ਮੰਡਲ ਵਿਚੋਂ ਉੱਘੇ ਗ਼ਜ਼ਲਗੋ ਗੁਰਦਿਆਲ ਰੌਸ਼ਨ ਨੇ ਪੰਜਾਬੀ ਵਿਚ ਲਿਖੀ ਜਾ ਰਹੀ ਗ਼ਜ਼ਲ ਬਾਰੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਜਿੱਥੇ ਪਹਿਲੀ ਪੀੜ੍ਹੀ ਦੇ ਉਸਤਾਦ ਗ਼ਜ਼ਲਗੋਆਂ ਨੇ ਆਪਣੀਆਂ ਸ਼ਾਨਦਾਰ ਗ਼ਜ਼ਲਾਂ ਨਾਲ ਸਾਨੂੰ ਸਰਸ਼ਾਰ ਕੀਤਾ ਹੈ, ਉੱਥੇ ਅੱਜਕੱਲ੍ਹ ਕਈ ਨਵੇਂ ਗ਼ਜ਼ਲਗੋ ਵੀ ਬਹੁਤ ਵਧੀਆ ਗ਼ਜ਼ਲਾਂ ਲਿਖ ਰਹੇ ਹਨ। ਉਨ੍ਹਾਂ ਆਪਣੀਆਂ ਗ਼ਜ਼ਲਾਂ ਦੇ ਕਈ ਸ਼ਿਅਰ ਅਤੇ ਇਕ ਮਜ਼ਾਹੀਆ ਗ਼ਜ਼ਲ ਵੀ ਸਰੋਤਿਆਂ ਨਾਲ ਸਾਂਝੀ ਕੀਤੀ। ਅੰਜੁਮ ਲੁਧਿਆਣਵੀ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਕਵਿਤਾ ਵਿਚ ਸੰਖੇਪਤਾ ਹੋਣੀ ਜ਼ਰੂਰੀ ਹੈ, ਕਿਉਂਕ ਲੰਮੀ ਕਵਿਤਾ ਨਾਲ ਸਰੋਤੇ ਉਕਤਾ ਜਾਂਦੇ ਹਨ। ਗ਼ਜ਼ਲ ਦੇ ਬਾਰੇ ਵਿਚਾਰ ਸਾਂਝੇ ਕਰਦਿਆਂ ਉਨ੍ਹਾਂ ਸਵਰਗਵਾਸੀ ਗਾਇਕ ਜਗਜੀਤ ਸਿੰਘ ਬਾਰੇ ਆਪਣੀ ਇਕ ਗ਼ਜ਼ਲ ਸੁਣਾਈ। ਵਰਿਆਮ ਮਸਤ ਨੇ ਨਾਟਕਕਾਰ ਬਲਵੰਤ ਗਾਰਗੀ, ਸ਼ਿਵ ਕੁਮਾਰ ਬਟਾਲਵੀ ਅਤੇ ਕਈ ਹੋਰ ਸਾਹਿਤਕਾਰਾਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਆਪਣੀ ਗ਼ਜ਼ਲ ਦੇ ਕੁਝ ਸ਼ਿਅਰ ਤਰੰਨਮ ਵਿਚ ਸੁਣਾਏ। ਕਰਨ ਅਜਾਇਬ ਸੰਘਾ ਨੇ ਆਪਣੀ ਕਵਿਤਾ ਵਿਚ ਗੁਰੂ ਨਾਨਕ ਦੇਵ ਜੀ ਦੇ ਬਾਰੇ ਅਜੋਕੇ ਵਿਚਾਰ ਪੇਸ਼ ਕੀਤੇ ਅਤੇ ਡਾ. ਪਰਗਟ ਸਿੰਘ ਬੱਗਾ ਨੇ ਆਪਣੀ ਕਵਿਤਾ ਵਿਚ ਦਸਤਾਰ ਦੀ ਮਹਾਨਤਾ ਨੂੰ ਬਾਖ਼ੂਬੀ ਦਰਸਾਇਆ। ਇਸ ਦੇ ਨਾਲ ਹੀ ਉਨ੍ਹਾਂ ਵੱਲੋਂ ਸਮਾਗ਼ਮ ਦੇ ਸਮੂਹ ਬੁਲਾਰਿਆਂ ਅਤੇ ਆਏ ਮਹਿਮਾਨਾਂ ਦਾ ਬੜੇ ਖ਼ੂਬਸੂਰਤ ਸ਼ਬਦਾਂ ਵਿਚ ਹਾਰਦਿਕ ਧੰਨਵਾਦ ਕੀਤਾ ਗਿਆ। ਲੰਮਾਂ ਸਮਾਂ ਚੱਲੇ ਮੰਚ-ਸੰਚਾਲਨ ਦੀ ਅਹਿਮ ਜ਼ਿੰਮੇਵਾਰੀ ਨਿਭਾਉਣ ਵਿਚ ਪਰਮਜੀਤ ਢਿੱਲੋਂ ਵੱਲੋਂ ਤਲਵਿੰਦਰ ਮੰਡ ਦਾ ਬਾਖ਼ੂਬੀ ਸਾਥ ਦਿੱਤਾ ਗਿਆ।

ਸਮਾਗ਼ਮ ਵਿਚ ਉਚੇਚੇ ਤੌਰ 'ਤੇ ਆਏ ਉੱਘੇ ਖੇਡ-ਲੇਖਕ ਪ੍ਰਿੰ. ਸਰਵਣ ਸਿੰਘ, ਪ੍ਰੋ. ਰਾਮ ਸਿੰਘ, ਕੰਪਿਊਟਰ ਮਾਹਿਰ ਕਿਰਪਾਲ ਸਿੰਘ ਪੰਨੂੰ, ਉੱਘੇ ਸਮਾਜ-ਸੇਵੀ ਗੁਰਦੇਵ ਸਿੰਘ ਮਾਨ, ਬਰਲਿੰਗਟਨ ਖ਼ੇਤਰ ਵਿਚ 'ਕੁਕੰਬਰ-ਕਿੰਗ' ਵਜੋਂ ਜਾਣੇ ਜਾਂਦੇ ਡਾ. ਬੱਗਾ ਦੇ ਖ਼ਾਸ ਦੋਸਤ ਪਰਮਜੀਤ ਸਿੰਘ ਮਿਨ-ਹਾਸ, ਕੈਪਟਨ ਬਲਬੀਰ ਸਿੰਘ ਭੱਟੀ, ਗੁਰਿੰਦਰ ਸਿੰਘ ਮੱਲ੍ਹੀ, ਰਿਆਲਟਰ ਇੰਦਰਜੀਤ ਸਿੰਘ ਸੋਹਲ, 'ਵੀਟੋ ਪੀਜ਼ਾ' ਦੇ ਜਸਵਿੰਦਰ ਸਿੰਘ (ਓਕਵਿਲ) ਅਤੇ ਨਿਆਗਰਾ ਫ਼ਾਲਜ਼ ਵਿਚ 'ਹੋਲੀਡੇਅ ਇਨ' ਦੇ ਮਾਲਕ ਜੋਗਾ ਸਿੰਘ ਬੱਸੀ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਸਮਾਗ਼ਮ ਸਬੰਧੀ ਹੋਰ ਜਾਣਕਾਰੀ ਹਾਸਲ ਕਰਨ ਲਈ ਡਾ. ਪਰਗਟ ਸਿੰਘ ਬੱਗਾ (905-531-8901), ਜਰਨੈਲ ਸਿੰਘ ਮੱਲ੍ਹੀ (905-399-7799) ਜਾਂ ਤਲਵਿੰਦਰ ਸਿੰਘ ਮੰਡ (416-904-3500) ਨੂੰ ਸੰਪਰਕ ਕੀਤਾ ਜਾ ਸਕਦਾ ਹੈ।

## 2023 ਵਿਚ ਕੈਨੇਡਾ ਵਿਚ ਆਵੇਗਾ ਮੰਦਵਾੜਾ : ਆਰਬੀਸੀ ਅਰਥਸ਼ਾਸਤਰੀ




ਓਟਵਾ, 20 ਅਕਤੂਬਰ (ਪੋਸਟ ਬਿਊਰੋ) : ਰੌਇਲ ਬੈਂਕ ਆਫ ਕੈਨੇਡਾ ਦੇ ਅਰਥਸ਼ਾਸਤਰੀਆਂ ਦਾ ਕਹਿਣਾ ਹੈ ਕਿ 2023 ਦੀ ਪਹਿਲੀ ਤਿਮਾਹੀ ਵਿੱਚ ਦੇਸ਼ ਵਿੱਚ ਮੰਦਵਾੜਾ ਆਵੇਗਾ।

ਆਰਬੀਸੀ ਦੇ ਅਰਥਸ਼ਾਸਤਰੀ ਨਥਾਨ ਜਾਨਜ਼ੇਨ ਵੱਲੋਂ ਕੀਤੀ ਗਈ ਪੇਸ਼ੀਨਿਗੋਈ ਅਨੁਸਾਰ ਕੈਨੇਡਾ ਦੇ ਅਰਥਚਾਰੇ ਵਿੱਚ ਤਰੇੜਾਂ ਪੈ ਰਹੀਆਂ ਹਨ। ਹਾਊਸਿੰਗ ਮਾਰਕਿਟਸ ਤੇਜ਼ੀ ਨਾਲ ਠੰਢੀਆਂ ਪੈ ਚੁੱਕੀਆਂ ਹਨ। ਸੈਂਟਰਲ ਬੈਂਕ ਦਰਾਂ ਨੂੰ ਤੇਜ਼ੀ ਨਾਲ ਵਧਾਉਣ ਵਿੱਚ ਲੱਗੇ ਹੋਏ ਹਨ। ਹਾਲਾਂਕਿ ਲੇਬਰ ਮਾਰਕਿਟ ਦੀ ਸਥਿਤੀ ਮਜ਼ਬੂਤ ਨਜ਼ਰ ਆ ਰਹੀ ਹੈ ਪਰ ਪਿਛਲੇ ਚਾਰ ਮਹੀਨਿਆਂ ਤੋਂ 92,000 ਤੱਕ ਇੰਪਲੌਇਮੈਂਟ ਦਰ ਹੇਠਾਂ ਆ ਚੁੱਕੀ ਹੈ।

ਇਸ ਤੋਂ ਪਹਿਲਾਂ ਜਾਨਜ਼ੇਨ ਤੇ ਫੈਨ ਇਹ ਭਵਿੱਖਬਾਣੀ ਕਰ ਚੁੱਕੇ ਹਨ ਕਿ 2023 ਵਿੱਚ ਕੈਨੇਡਾ ਵਿੱਚ ਦਰਮਿਆਨਾਂ ਮੰਦਵਾੜਾ ਆਵੇਗਾ। ਹੁਣ ਉਨ੍ਹਾਂ ਵੱਲੋਂ ਆਖਿਆ ਜਾ ਰਿਹਾ ਹੈ ਕਿ ਕੈਨੇਡਾ ਵਿੱਚ ਵਿਆਜ਼ ਦਰਾਂ 4 ਫੀ ਸਦੀ ਤੱਕ ਤੇ ਅਮਰੀਕਾ ਵਿੱਚ ਵਿਆਜ਼ ਦਰਾਂ 4.5 ਤੋਂ 4.75 ਫੀ ਸਦੀ ਤੱਕ ਵਧਣਗੀਆਂ। ਉਨ੍ਹਾਂ ਇਹ ਵੀ ਆਖਿਆ ਕਿ ਇਸ ਵਾਰੀ ਸਾਡੇ ਵੱਲੋਂ ਕੀਤੀ ਗਈ ਪੇਸ਼ੀਨਿਗੋਈ ਤੋਂ ਵੀ ਇੱਕ ਤਿਮਾਹੀ ਪਹਿਲਾਂ ਹੀ ਇਹ ਮੰਦਵਾੜਾ ਆਉਣ ਦੀ ਸੰਭਾਵਨਾ ਹੈ।

ਇੱਥੇ ਦੱਸਣਾ ਬਣਦਾ ਹੈ ਕਿ ਮਹਿੰਗਾਈ ਨਾਲ ਸਿੱਝਣ ਲਈ ਬੈਂਕ ਆਫ ਕੈਨੇਡਾ ਵੱਲੋਂ ਮਾਰਚ ਤੋਂ ਹੀ ਆਪਣੀਆਂ ਵਿਆਜ਼ ਦਰਾਂ ਵਿੱਚ ਵਾਧਾ ਕੀਤਾ ਜਾ ਰਿਹਾ ਹੈ। ਪੂਰੀ ਮਹਾਂਮਾਰੀ ਦੌਰਾਨ ਬੈਂਕ ਆਫ ਕੈਨੇਡਾ ਵੱਲੋਂ ਆਪਣੀਆਂ ਵਿਆਜ਼ ਦਰਾਂ 0.25 ਫੀ ਸਦੀ ਰੱਖੀਆਂ ਗਈਆਂ। ਹੁਣ ਇਹ ਵਿਆਜ਼ ਦਰਾਂ 3.25 ਫੀ ਸਦੀ ਤੱਕ ਪਹੁੰਚ ਚੁੱਕੀਆਂ ਹਨ। ਆਰਬੀਸੀ ਦਾ ਕਹਿਣਾ ਹੈ ਕਿ 2022 ਦੇ ਅੰਤ ਵਿੱਚ ਇਨ੍ਹਾਂ ਵਿਆਜ਼ ਦਰਾਂ ਵਿੱਚ ਹੋਰ ਵਾਧਾ ਹੋਵੇਗਾ।

## ਪਾਕਿਸਤਾਨ ਤੋਂ ਕੈਨੇਡਾ ਪਹੁੰਚੇ ਅਫਗਾਨੀ ਰਫਿਊਜੀਆਂ ਦਾ ਫਰੇਜ਼ਰ ਨੇ ਕੀਤਾ ਸਵਾਗਤ

...ਪੰਨਾ 1 ਦਾ ਬਾਕੀ

40,000 ਅਫਗਾਨੀ ਨਾਗਰਿਕਾਂ ਨੂੰ ਕੈਨੇਡਾ ਵਿੱਚ ਮੁੜ ਵਸਾਉਣਾ ਬੜੀ ਹੀ ਗੁੰਝਲਦਾਰ ਪਹਿਲਕਦਮੀ ਹੈ ਜਿਸ ਲਈ ਸਰਕਾਰ ਦਾ ਪੂਰਾ ਜ਼ੋਰ ਲੱਗਿਆ ਹੋਇਆ ਹੈ। ਇਸ ਤੋਂ ਇਲਾਵਾ ਮਜ਼ਬੂਤ ਘਰੇਲੂ ਤੇ ਕੌਮਾਂਤਰੀ ਭਾਈਵਾਲੀ ਦੀ ਵੀ ਲੋੜ ਹੈ।

ਇਹ ਉਪਰਾਲਾ ਪ੍ਰੋਵਿੰਸਾਂ ਤੇ ਟੈਰੇਟਰੀਜ਼, ਰੀਸੈਟਲਮੈਂਟ ਸਰਵਿਸ ਮੁਹੱਈਆ ਕਰਵਾਉਣ ਵਾਲਿਆਂ ਤੇ ਅਫਗਾਨੀ ਰਫਿਊਜੀਆਂ ਨੂੰ ਸਪਾਂਸਰ ਕਰਨ ਵਾਲੇ ਕੈਨੇਡੀਅਨਜ਼ ਦੀ ਮਦਦ ਸਦਕਾ ਹੀ ਪੂਰਾ ਕੀਤਾ ਜਾ ਰਿਹਾ ਹੈ। ਇਸ ਮੌਕੇ ਸ਼ੌਨ ਫਰੇਜ਼ਰ ਨੇ ਆਖਿਆ ਕਿ ਅਸੀਂ ਅਹਿਮ ਕੌਮਾਂਤਰੀ ਭਾਈਵਾਲਾਂ ਜਿਨ੍ਹਾਂ ਵਿੱਚ ਪਾਕਿਸਤਾਨ, ਕੌਮਾਂਤਰੀ ਆਰਗੇਨਾਈਜ਼ੇਸ਼ਨਜ਼ ਜਿਵੇਂ ਕਿ ਇੰਟਰਨੈਸ਼ਨਲ ਆਰਗੇਨਾਈਜ਼ੇਸ਼ਨ ਫੌਰ ਮਾਈਗ੍ਰੇਸ਼ਨ, ਯੂਐਨ ਰਫਿਊਜੀ ਏਜੰਸੀ (ਯੂਐਨਐਚਸੀਆਰ), ਫਰੰਟਲਾਈਨ ਡਿਫੈਂਡਰਜ਼ ਐਂਡ ProtectDefenders.eu. ਸ਼ਾਮਲ ਹਨ, ਵੱਲੋਂ ਕੀਤੀ ਜਾ ਰਹੀ ਮਦਦ ਲਈ ਉਨ੍ਹਾਂ ਦੇ ਵੀ ਸ਼ੁਕਰਗੁਜ਼ਾਰ ਹਾਂ।







# ਸ਼ਾਹੀ ਗੁਲਾਮੀ ਤੋਂ ਨਿਜ਼ਾਕਤ ਪਾਉਣ ਲਈ ਅੱਜ ਫਿਰ ਲੋੜ ਹੈ ਗੁਰੂ ਹਰਗੋਬਿੰਦ ਸਾਹਿਬ ਜੀ ਦੀ



-ਸੁਰਜੀਤ ਸਿੰਘ ਫਲੋਰਾ-

ਬੰਦੀ ਛੋੜ ਦਿਵਸ ਹਰ ਸਾਲ ਉਸੇ ਦਿਨ ਮਨਾਇਆ ਜਾਂਦਾ ਹੈ ਜਦੋਂ ਦੇਸ਼ ਭਰ ਵਿੱਚ ਦੀਵਾਲੀ ਵੀ ਮਨਾਈ ਜਾਂਦੀ ਹੈ। ਸਿੱਖ ਇਤਿਹਾਸ ਦੀਆਂ ਕਈ ਘਟਨਾਵਾਂ ਦੀਵਾਲੀ ਨਾਲ ਜੁੜੀਆਂ ਹੋਈਆਂ ਹਨ ਜਿਨ੍ਹਾਂ ਕਰਕੇ ਇਹ ਦਿਨ ਸਿੱਖ ਕੌਮ ਲਈ ਖ਼ਾਸ ਅਹਿਮੀਅਤ ਰੱਖਦਾ ਹੈ। ਦੀਵਾਲੀ ਦਾ ਤਿਉਹਾਰ ਭਾਵੇਂ ਪੁਰਾਤਨ ਸਮਿਆਂ ਤੋਂ ਸਮੁੱਚੇ ਭਾਰਤ ਵਿਚ ਬਹੁਤ ਸਜ-ਧਜ ਨਾਲ ਮਨਾਇਆ ਜਾਂਦਾ ਹੈ, ਪਰ ਸਿੱਖ ਧਰਮ 'ਚ ਇਸ ਦਾ ਇਤਿਹਾਸਕ ਤੇ ਵਿਲੱਖਣ ਪਿਛੋਕੜ ਹੈ। ਮੁੱਖ ਰੂਪ ਵਿਚ ਸਿੱਖ ਇਤਿਹਾਸ ਨਾਲ ਇਸ ਤਿਉਹਾਰ ਦਾ ਸੰਬੰਧ ਉਸ ਸਮੇਂ ਤੋਂ ਜੁੜਿਆ ਹੋਇਐ,ਜਦੋਂ ਮੀਰੀ-ਪੀਰੀ ਦੇ ਮਾਲਕ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲ੍ਹੇ ਵਿਚੋਂ 52 ਰਾਜਿਆਂ ਸਮੇਤ ਰਿਹਾਅ ਹੋ ਕੇ ਸ੍ਰੀ ਅੰਮ੍ਰਿਤਸਰ ਪਹੁੰ-ਚੇ।

ਇਸ ਪਿਛੇਂ ਇਤਿਹਾਸ ਤੇ ਨਜ਼ਰ ਮਾਰੀਏ ਤਾਂ, ਭਾਰਤ ਵਿੱਚ ਦੂਰ-ਦੂਰ ਤੱਕ ਸਾਮਰਾਜ ਨੂੰ ਫੈਲਾਉਣ ਅਤੇ ਮਜ਼ਬੂਤ ਕਰਨ ਲਈ, ਮੁਗ਼ਲ ਬਾਦਸ਼ਾਹ ਜਹਾਂਗੀਰ ਨੇ ਨਾ ਸਿਰਫ਼ ਮੱਧ ਭਾਰਤ, ਸਗੋਂ ਹਿਮਾਲੀਅਨ ਖੇਤਰ ਦੇ ਵੀ ਕਈ ਹਿੰਦੂ ਛੋਟੇ ਸ਼ਾਸਕਾਂ ਨੂੰ ਬੰਦੀ ਬਣਾ ਲਿਆ ਅਤੇ ਗਵਾਲੀਅਰ ਦੇ ਕਿਲ੍ਹੇ ਵਿੱਚ ਉਮਰ ਕੈਦ ਦੀ ਸਜ਼ਾ ਦਿੱਤੀ। ਉਹ ਰੋ ਰਹੇ ਸਨ ਅਤੇ ਗ਼ੁਲਾਮੀ ਤੋਂ ਉਨ੍ਹਾਂ ਦੀ ਰਿਹਾਈ ਲਈ ਸਰਬ ਸ਼ਕਤੀਮਾਨ ਪ੍ਰਭੂ ਅੱਗੇ ਉਸ ਦੀਆਂ ਅਸੀਸਾਂ ਲਈ ਪ੍ਰਾਰਥਨਾ ਕਰ ਰਹੇ ਸਨ। ਉਹਨਾਂ ਦੀ ਅਰਦਾਸ ਨੂੰ ਪ੍ਰਵਾਨ ਕਰਕੇ ਗੁਰੂ ਹਰਗੋਬਿੰਦ ਸਾਹਿਬ ਜੀ ਇਹਨਾਂ ਮਿੰਨੀ ਸ਼ਾਸਕਾਂ ਨੂੰ ਗਵਾਲੀਅਰ ਦੇ ਕਿਲ੍ਹੇ ਤੋਂ ਛੁਡਵਾਉਣ ਦੇ ਇਰਾਦੇ ਨਾਲ ਦਿੱਲੀ ਚਲੇ ਗਏ।

ਮੁਗ਼ਲ ਬਾਦਸ਼ਾਹ ਨੂੰ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਬਹਾਦਰੀ ਅਤੇ ਵਧਦੀ ਫੌਜੀ ਸ਼ਕਤੀ ਬਾਰੇ ਪਤਾ ਲੱਗਦਿਆਂ ਹੀ ਡਰ ਵਧ ਗਿਆ ਸੀ। ਉਹ ਚਲਾਕ ਨਿਮਰਤਾ ਨਾਲ ਗੁਰੂ ਜੀ ਨੂੰ ਮਿਲਿਆ ਅਤੇ ਉਨ੍ਹਾਂ ਨੂੰ ਗਵਾਲੀਅਰ ਦੇ ਕਿਲੇ ਦਾ ਦੌਰਾ ਕਰਨ ਲਈ ਬੇਨਤੀ ਕੀਤੀ। ਜਹਾਂਗੀਰ ਨੇ ਆਪਣੇ ਚਲਾਕ ਦਰਬਾਰੀਆਂ ਦੀ ਸਲਾਹ ਨਾਲ ਉਹਨਾਂ ਨੂੰ ਕਿਲ੍ਹੇ ਵਿਚ ਕੈਦ ਕਰ ਲਿਆ।

ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਗ੍ਰਿਫਤਾਰ ਕਰਨ ਤੋਂ ਬਾਅਦ ਜਹਾਂਗੀਰ ਨੂੰ ਨੀਂਦ ਨਹੀਂ ਸੀ ਆ ਰਹੀ। ਉਹ ਗੰਭੀਰ ਰੂਪ ਵਿਚ ਬਿਮਾਰ ਹੋ ਗਿਆ। ਉਸ ਦੀ ਪਤਨੀ ਨੇ ਗੁਰੂ ਜੀ ਦੇ ਮਹਾਨ ਸ਼ਰਧਾਲੂ ਮੁਸਲਮਾਨ ਸੰਤ ਮੀਆਂ ਮੀਰ ਨੂੰ ਸਾਰੀ ਕਹਾਣੀ ਸੁਣਾਈ। ਉਸ ਨੇ ਉਸ ਨੂੰ ਦੱਸਿਆ ਕਿ ਉਸ ਦੇ ਪਤੀ ਨੇ ਗਵਾਲੀਅਰ ਦੇ ਕਿਲ੍ਹੇ ਵਿਚ ਬ੍ਰਹਮ ਗੁਰੂ ਨੂੰ ਗ੍ਰਿਫਤਾਰ ਕਰਕੇ ਬਹੁਤ ਵੱਡਾ ਪਾਪ ਕੀਤਾ ਹੈ। ਜਹਾਂਗੀਰ ਦੀ ਜਾਨ ਬਚਾਉਣ ਦਾ ਇੱਕੋ ਇੱਕ ਤਰੀਕਾ ਸੀ ਕਿ ਗੁਰੂ ਜੀ ਨੂੰ ਸਤਿਕਾਰ ਸਹਿਤ ਰਿਹਾ ਕੀਤਾ ਜਾਵੇ। ਜਹਾਂਗੀਰ ਨੇ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਤੁਰੰਤ ਰਿਹਾਈ ਦੇ ਹੁਕਮ ਜਾਰੀ ਕੀਤੇ।

ਗੁਰੂ ਜੀ ਨੇ ਇਹ ਬੇਨਤੀ ਠੁਕਰਾ ਦਿੱਤੀ ਕਿ ਜਦੋਂ ਤੱਕ ਸਾਰੇ ਕੈਦੀ ਰਾਜੇ ਰਿਹਾਅ ਨਹੀਂ ਹੋ ਜਾਂਦੇ, ਉਹ ਗਵਾਲੀਅਰ ਦਾ ਕਿਲਾ ਨਹੀਂ ਛੱਡਣਗੇ। ਜਹਾਂਗੀਰ ਨੇ ਗੁਰੂ ਜੀ ਨੂੰ ਕਿਹਾ ਕਿ ਜਿੰਨੇ ਵੀ ਕੈਦੀ ਉਹਨਾਂ ਦੇ ਗਾਊਨ ਨੂੰ ਫੜ ਸਕਦੇ ਹਨ, ਉਨ੍ਹਾਂ ਨੂੰ ਰਿਹਾ ਕਰ ਦਿੱਤਾ ਜਾਵੇਗਾ। ਗੁਰੂ ਜੀ ਨੇ ਫਿਰ ਆਪਣੇ ਸ਼ਰਧਾਲੂਆਂ ਨੂੰ ਬਵੰਜਾ ਲੜੀਆਂ ਵਾਲਾ ਇੱਕ ਵੱਡਾ ਚੋਲਾਂ ਤਿਆਰ ਕਰਨ ਲਈ ਕਿਹਾ। ਹਰ ਮੋਹਤਬਰ ਸ਼ਾਸਕ ਨੇ ਚੋਲੇ ਦੀ ਇੱਕ- ਇਕ ਲੜੀ ਫੜੀ ਅਤੇ ਕਿਲ੍ਹੇ ਤੋਂ ਬਾਹਰ ਨਿਕਲ ਆਏ।

ਇਸ ਤਰ੍ਹਾਂ ਸਾਰੇ ਬੰਦੀਆਂ ਨੂੰ ਜੇਲ੍ਹ ਵਿੱਚੋਂ ਰਿਹਾਅ ਕਰ ਦਿੱਤਾ ਗਿਆ। ਗੁਰੂ ਹਰਗੋਬਿੰਦ ਸਾਹਿਬ ਜੀ ਦੇ ਗੁਣ ਗਾਏ ਗਏ ਅਤੇ ਉਨ੍ਹਾਂ ਨੂੰ 'ਦਾਤਾ ਬੰਦੀ ਛੋੜ' ਕਿਹਾ ਗਿਆ, ਜਿਸ ਨੇ ਸ਼ਾਹੀ ਗ਼ੁਲਾਮਾਂ ਦੀ ਰਿਹਾਈ ਪ੍ਰਾਪਤ ਕੀਤੀ।



ਇਹ ਉਹ ਸਮਾਂ ਦੀਵਾਲੀ ਦਾ ਸਮਾਂ ਸੀ ਜਦ ਗੁਰੂ ਹਰਗੋਬਿੰਦ ਸਾਹਿਬ ਜੀ ਦ ਅੰਮ੍ਰਿਤਸਰ ਪਹੁੰਚੇ, ਜਦੋਂ ਸਾਰੇ ਸਿੱਖ ਲੰਬੇ ਸਮੇਂ ਬਾਅਦ ਆਪਣੇ ਰੱਬੀ ਮਾਲਕ ਨੂੰ ਮਿਲਣ ਦੀ ਖੁਸ਼ੀ ਵਿੱਚ ਅਤੇ ਆਤਮਿਕ ਅਨੰਦ ਵਿੱਚ, ਗਲੀਆਂ ਅਤੇ ਆਪਣੇ ਘਰਾਂ ਨੂੰ ਮਿੱਟੀ ਦੇ ਦੀਵਿਆਂ ਨਾਲ ਜਗਾਉਣ ਵਿੱਚ ਸ਼ਾਮਲ ਹੋਏ। ਇਸ ਤੋਂ ਬਾਅਦ, ਬੰਦੀ ਛੋੜ ਦਿਵਸ ਹਰ ਸਾਲ ਸਿੱਖ ਭਾਈਚਾਰੇ ਦੁਆਰਾ ਉਸੇ ਦਿਨ ਮਨਾਇਆ ਜਾਂਦਾ ਹੈ ਜਦੋਂ ਇਸ ਦਿਨ ਹੋਰਨਾਂ ਦੁਆਰਾ ਦੀਵਾਲੀ ਮਨਾਈ ਜਾਂਦੀ ਹੈ।

ਛੇਵੇਂ ਪਾਤਸ਼ਾਹ ਨੂੰ ਜਿਨ੍ਹਾਂ ਕਾਰਨਾਂ ਕਰਕੇ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕੀਤਾ ਤੇ ਫਿਰ ਰਿਹਾਅ ਕਰ ਦਿੱਤਾ ਗਿਆ, ਦੀ ਜਾਣਕਾਰੀ ਬਿਨਾਂ ਬੰਦੀ-ਛੋੜ ਦਿਵਸ ਦੀ ਅਹਿਮੀਅਤ ਨੂੰ ਸਮਝਣਾ ਔਖਾ ਹੈ। ਬਾਣੀ ਦੇ ਬੋਹਿਥ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਰਜਣਹਾਰ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬੇਮਿਸਾਲ ਤੇ ਸ਼ਾਂਤਮਈ ਸ਼ਹਾਦਤ ਨੇ ਸਿੱਖ ਇਤਿਹਾਸ ਵਿਚ ਇਕ ਕ੍ਰਾਂਤੀਕਾਰੀ ਮੋੜ ਲੈ ਆਂਦਾ। ਸਤਿਗੁਰਾਂ ਦੀ ਅਦੁੱਤੀ ਸ਼ਹਾਦਤ ਤੋਂ ਬਾਅਦ ਇਹ ਗੱਲ ਸਪਸ਼ਟ ਹੋ ਗਈ ਸੀ ਕਿ ਜ਼ਾਲਮਾਂ ਦੇ ਜ਼ੁਲਮ ਨੂੰ ਠੱਲ ਪਾਉਣ ਲਈ ਹਥਿਆਰ ਚੁੱਕਣੇ ਹੀ ਪੈਣਗੇ। ਇਸ ਲਈ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰ-ਗੱਦੀ ਦੀ ਪਰੰਪਰਾਗਤ ਰਸਮ ਨੂੰ ਸਮੇਂ ਦੀ ਲੋੜ ਅਨੁਸਾਰ ਬਦਲਦਿਆਂ ਗੁਰਿਆਈ ਧਾਰਨ ਕਰਦੇ ਸਮੇਂ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ।

ਗੁਰੂ ਸਾਹਿਬ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਨਾ ਕੀਤੀ, ਜਿਥੇ ਦੀਵਾਨ ਸਜਦੇ ਅਤੇ ਗੁਰਬਾਣੀ ਕੀਰਤਨ ਦੇ ਨਾਲ-ਨਾਲ ਬੀਰ-ਰਸੀ ਵਾਰਾਂ ਵੀ ਗਾਈਆਂ ਜਾਣ ਲੱਗੀਆਂ। ਗੁਰੂ ਸਾਹਿਬ ਨੇ ਸਿੱਖ ਸੰਗਤਾਂ ਨੂੰ ਦਰਸ਼ਨਾਂ ਲਈ ਆਉਂਦੇ ਸਮੇਂ ਚੰਗੀ ਨਸਲ ਦੇ ਘੋੜੇ ਅਤੇ ਸ਼ਸਤਰ ਲਿਆਉਣ ਦੇ ਆਦੇਸ਼ ਜਾਰੀ ਕੀਤੇ ਅਤੇ ਅਣਖੀਲੇ ਗੱਭਰੂਆਂ ਦੀ ਫੌਜ ਤਿਆਰ ਕਰਕੇ ਉਨ੍ਹਾਂ ਨੂੰ ਜੰਗੀ ਸਿੱਖਿਆਂ ਦਿੱਤੀ ਜਾਣ ਲੱਗੀ।

ਗੁਰੂ-ਘਰ ਦੇ ਵਿਰੋਧੀਆਂ ਨੇ ਗੁਰੂ ਸਾਹਿਬ ਵਿਰੁੱਧ ਬਾਦਸ਼ਾਹ ਜਹਾਂਗੀਰ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ, ਜਿਸ ਦੇ ਫ਼ਲਸਰੂਪ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਬਗਾਵਤ ਦੇ ਝੂਠੇ ਦੋਸ਼ ਵਿਚ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਗੁਰੂ ਸਾਹਿਬ ਦੀ ਨਜ਼ਰਬੰਦੀ ਕੋਈ ਸਾਧਾਰਨ ਗੱਲ ਨਹੀਂ ਸੀ। ਸਿੱਖ ਸੰਗਤਾਂ ਲਈ ਇਹ ਖਬਰ ਬੜੀ ਹਿਰਦੇ ਵੇਦਕ ਸੀ। ਪਰ ਗੁਰੂ ਸਾਹਿਬ ਦੇ ਪਹੁੰਚਣ ਨਾਲ ਗਵਾਲੀਅਰ ਦੇ ਕਿਲ੍ਹੇ ਦਾ ਮਾਹੌਲ ਹੀ ਬਦਲ ਗਿਆ ਜਿਥੇ ਦੋਵੇਂ ਵੇਲੇ ਕੀਰਤਨ ਅਤੇ ਸਤਿਸੰਗ ਹੋਣ ਲੱਗਾ ਅਤੇ ਕਾਲ-ਕੋਠੜੀਆਂ ਵਿਚੋਂ ਪ੍ਰਭੂ-ਸਿਮਰਨ ਦੀਆਂ ਮਿੱਠੀਆਂ ਧੁਨਾਂ ਉੱਠਣ ਲੱਗੀਆਂ।

ਗੁਰੂ ਸਾਹਿਬ ਦੀ ਸੰਗਤ ਅਤੇ ਉਪਦੇਸ਼ਾਂ ਨੇ ਸਭ ਬੰਦੀਆਂ ਨੂੰ ਚੜ੍ਹਦੀ ਕਲਾ ਵਿਚ ਲੈ ਆਂਦਾ। ਦੂਸਰੇ ਪਾਸੇ ਗੁਰੂ ਸਾਹਿਬ ਦੀ ਨਜ਼ਰਬੰਦੀ ਲੰਬੀ ਹੋ ਜਾਣ ਕਾਰਨ ਸਿੱਖਾਂ ਵਿਚ ਬੇਚੈਨੀ ਵਧਣ ਲੱਗੀ।

ਬਾਬਾ ਬੁੱਢਾ ਜੀ ਦੀ ਅਗਵਾਈ 'ਚ ਸਿੱਖ ਸੰਗਤਾਂ ਦਾ ਇਕ ਜਥਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਕਰਕੇ ਗਵਾਲੀਅਰ ਲਈ ਰਵਾਨਾ ਹੋਇਆ। ਜਿਥੋਂ-ਜਿਥੋਂ ਇਹ ਜਥਾ ਕੀਰਤਨ ਕਰਦਾ ਹੋਇਆ ਗੁਜ਼ਰਦਾ, ਸਿੱਖ ਸੰਗਤਾਂ ਇਸ ਦਾ ਭਾਰੀ ਸਵਾਗਤ ਕਰਦੀਆਂ। ਜਦੋਂ ਇਹ ਜਥਾ ਗਵਾਲੀਅਰ ਦੇ ਕਿਲ੍ਹੇ ਪਹੁੰਚਿਆ ਤਾਂ ਸੰਗਤਾਂ ਨੂੰ ਗੁਰੂ ਸਾਹਿਬ ਨਾਲ ਮੁਲਾਕ-ਾਤ ਜਾਂ ਦਰਸ਼ਨ ਕਰਨ ਦੀ ਇਜ਼ਾਜ਼ਤ ਨਾ ਮਿਲ ਸਕੀ। ਪਰ ਇਹ ਜਥਾ ਕੀਰਤਨ ਕਰਦਿਆਂ, ਗਵਾਲੀਅਰ ਦੇ ਕਿਲ੍ਹੇ ਦੀਆਂ ਪ੍ਰਕਰਮਾ ਕਰਕੇ ਗੁਰੂ ਸਾਹਿਬ ਨੂੰ ਸਤਿਕਾਰ ਭੇਟ ਕਰ ਵਾਪਸ ਮੁੜ ਆਇਆ। ਮੁਸਲਿਮ ਸੂਫੀ ਸੰਤ ਸਾਈਂ ਮੀਆਂ ਮੀਰ ਜੀ ਵੱਲੋਂ ਬਾਦਸ਼ਾਹ ਜਹਾਂਗੀਰ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸਬੰਧੀ ਜਾਣਕਾਰੀ ਦਿੱਤੇ ਜਾਣ 'ਤੇ ਉਸ ਨੇ ਗੁਰੂ ਸਾਹਿਬ ਨੂੰ ਰਿਹਾਅ ਕਰਨ ਦਾ ਫੁਰਮਾਨ ਜਾਰੀ ਕਰ ਦਿੱਤਾ।

ਪ੍ਰੰਤੂ ਗੁਰੂ ਹਰਿਗੋਬਿੰਦ ਸਾਹਿਬ ਨੇ ਇਕੱਲਿਆਂ ਕਿਲ੍ਹੇ ਵਿਚੋਂ ਰਿਹਾਅ ਹੋਣਾ ਸਵੀਕਾਰ ਨਾ ਕੀਤਾ। ਗੁਰੂ ਸਾਹਿਬ ਦੀ ਰਹਿਮਤ ਸਦਕਾ ਕਿਲ੍ਹੇ ਵਿਚ ਨਜ਼ਰਬੰਦ 52 ਰਾਜਪੂਤ ਰਾਜਿਆਂ ਨੂੰ ਵੀ ਬੰਦੀਖਾਨੇ ਤੋਂ ਮੁਕਤੀ ਮਿਲੀ। ਇਸ ਦਿਨ ਤੋਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ 'ਬੰਦੀ-ਛੋੜ' ਦਾਤਾ ਦੇ ਨਾਮ ਨਾਲ ਵੀ ਜਾਣਿਆ ਜਾਣ ਲੱਗਾ। ਰਿਹਾਈ ਤੋਂ ਬਾਅਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਭਾਰੀ ਗਿਣਤੀ ਵਿਚ ਜਿਸ ਦਿਨ ਸਿੱਖ ਸੰਗਤਾਂ ਨਾਲ ਸ੍ਰੀ ਅੰਮ੍ਰਿਤਸਰ ਵਿਖੇ ਪੁੱਜੇ ਤਾਂ ਉਸ ਦਿਨ ਦੀਵਾਲੀ ਦਾ ਦਿਨ ਸੀ। ਸਿੱਖ ਸੰਗਤਾਂ ਨੇ ਗੁਰੂ ਸਾਹਿਬ ਦੇ ਸ੍ਰੀ ਅੰਮ੍ਰਿਤਸਰ ਸਾਹਿਬ ਪੁੱਜਣ 'ਤੇ ਘਰਾਂ ਵਿਚ ਦੇਸੀ ਘਿਉ ਦੇ ਦੀਵੇ ਜਗਾਏ ਅਤੇ ਅਥਾਹ ਖੁਸ਼ੀਆਂ ਮਨਾਈਆਂ। ਸ੍ਰੀ ਦਰਬਾਰ ਸਾਹਿਬ ਵਿਖੇ ਵੀ ਖੁਸ਼ੀ ਵਿਚ ਦੀਪਮਾਲਾ ਕੀਤੀ ਗਈ।ਜੋ ਅੱਜ ਵੀ ਕੀਤੀ ਜਾਂਦੀ ਹੈ ਤੇ ਜਿਸ ਦੀ ਚਮਕ ਨੂੰ ਸੰਗਤਾਂ ਦੇਸ਼ਾਂ ਪ੍ਰਦੇਸ਼ਾਂ ਤੋਂ ਦੇਖਣ ਆਉਂਦੀਆਂ ਹਨ। ਸ਼ਾਇਦ ਇਸੇ ਲਈ ਤੇ ਕਿਹਾ ਗਿਆ ਹੈ ਕਿ ਦਾਲ ਰੋਟੀ ਘਰ ਦੀ ਦੀਵਾਲੀ ਅੰਮ੍ਰਿਤਸਰ ਦੀ। ਇਸ ਦਿਨ ਤੋਂ ਸਿੱਖਾਂ ਵਾਸਤੇ ਦੀਵਾਲੀ ਇਕ ਪਵਿੱਤਰ ਦਿਹਾੜਾ ਬਣ ਗਿਆ ਅਤੇ ਸਿੱਖ ਜਗਤ ਹਰ ਸਾਲ ਸ੍ਰੀ ਅੰਮ੍ਰਿਤਸਰ ਵਿਖੇ ਇਕੱਤਰ ਹੋ ਕੇ ਬੰਦੀ-ਛੋੜ ਦਿਹਾੜਾ ਮਨਾਉਣ ਲੱਗ ਪਏ। ਪਰ ਸ਼ਾਹੀ ਗੁਲਾਮੀ ਤੋਂ ਨਿਜ਼ਾਕਤ ਪਾਉਣ ਲਈ ਅੱਜ ਫਿਰ ਲੋੜ ਹੈ ਗੁਰੂ ਹਰਗੋਬਿੰਦ ਸਾਹਿਬ ਜੀ ਦੀ।

# ਸਾਂਝੀਵਾਲਤਾ ਦੀ ਪ੍ਰਤੀਕ ਹੈ ਦੀਵਾਲੀ

-ਸੁਰਿੰਦਰ ਕੋਛੜ-

ਕੱਤਕ ਮਹੀਨੇ ਦੀ ਮੱਸਿਆ ਦੇ ਦਿਨ ਮਨਾਇਆ ਜਾਣ ਵਾਲਾ ਦੀਵਾਲੀ ਦਾ ਤਿਉਹਾਰ ਪਵਿੱਤਰ ਹੋਣ ਦੇ ਨਾਲ-ਨਾਲ ਸਾਂਝੀਵਾਲਤਾ ਦਾ ਸੰਦੇਸ਼ ਵੀ ਦਿੰਦਾ ਹੈ। ਇਸ ਤਿਉਹਾਰ ਨੂੰ ਜਿਥੇ ਹਿੰਦੂਆਂ, ਸਿੱਖਾਂ, ਨੇਪਾਲੀਆਂ, ਬੋਧੀਆਂ ਆਦਿ ਵੱਲੋਂ ਆਪੋ ਆਪਣੇ ਢੰਗ ਤੇ ਰਵਾਇਤ ਅਨੁਸਾਰ ਮਨਾਇਆ ਜਾਂਦਾ ਹੈ, ਉਥੇ ਭਾਰਤ ਦੇ ਨਾਲ ਹੀ ਨੇਪਾਲ, ਸ੍ਰੀਲੰਕਾ, ਮੋਰੇਸ਼ਸ, ਸਰੀਨਾਮ, ਮਲੇਸ਼ੀਆ, ਸਿੰਗਾਪੁਰ ਅਤੇ ਫਿਜ਼ੀ ਆਦਿ ਦੇਸ਼ਾਂ ਵਿੱਚ ਵੀ ਇਸ ਦਿਨ ਸਰਕਾਰੀ ਛੁੱਟੀ ਐਲਾਨੀ ਜਾਂਦੀ ਹੈ।

ਹਿੰਦੂ ਮੱਤ ਅਨੁਸਾਰ ਦੀਵਾਲੀ ਵਾਲੇ ਦਿਨ ਅਯੋਧਿਆ ਦੇ ਰਾਜਾ ਰਾਮ ਚੰਦਰ ਲੰਕਾ ਦੇ ਰਾਜਾ ਰਾਵਣ ਨੂੰ ਯੁੱਧ ਵਿੱਚ ਮਾਰ ਕੇ ਅਯੋਧਿਆ ਪਰਤੇ ਸਨ। ਉਨ੍ਹਾਂ ਦੇ ਪਰਤਣ ਦੀ ਖ਼ੁਸ਼ੀ ਵਿੱਚ ਅਯੋਧਿਆ ਵਾਸੀਆਂ ਨੇ ਘਿਓ ਦੇ ਦੀਵੇ ਬਾਲ ਕੇ ਰੋਸ਼ਨੀ ਕੀਤੀ, ਜੋ ਰਵਾਇਤ ਅੱਜ ਵੀ ਨਿਰਵਿਘਨ ਜਾਰੀ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਇਸੇ ਦਿਨ ਭਗਵਾਨ ਕ੍ਰਿਸ਼ਨ ਨੇ ਅੱਤਿਆਚਾਰੀ ਰਾਜਾ ਨਰਕਾਸੁਰ ਦੀ ਹੱਤਿਆ ਕਰਕੇ ਉਸ ਦੇ ਕਬਜ਼ੇ ਵਿੱਚੋਂ 16,000 ਕੰਨਿਆਵਾਂ ਨੂੰ ਮੁਕਤ ਕਰਵਾਇਆ ਸੀ ਅਤੇ ਇਸੇ ਦਿਨ ਭਗਵਾਨ ਵਿਸ਼ਨੂ ਨੇ ਭਗਤ ਪ੍ਰਹਿਲਾਦ ਦੀ ਰੱਖਿਆ ਕਰਨ ਲਈ ਚਮਤਕਾਰੀ ਢੰਗ ਨਾਲ ਨਰਸਿੰਘ ਰੂਪ ਧਾਰਨ ਕਰਕੇ ਦੈਂਤਰਾਜ ਹਿਰਨਕਸ਼ਯਪ ਦਾ ਅੰਤ ਕੀਤਾ ਸੀ। ਦੀਵਾਲੀ ਵਾਲੇ ਦਿਨ ਹੀ ਸਮੁੰਦਰ ਮੰਥਨ ਦੇ ਬਾਅਦ ਲਕਸ਼ਮੀ ਜੀ ਅਤੇ ਧਨਵੰਤਰੀ ਜੀ ਪ੍ਰਗਟ ਹੋਏ ਸਨ।

ਜੈਨੀ ਲੋਕਾਂ ਦਾ ਮੱਤ ਹੈ ਕਿ ਉਨ੍ਹਾਂ ਦੇ 24ਵੇਂ ਤੀਰਥਾਂਕਰ ਭਗਵਾਨ ਮਹਾਵੀਰ ਨੂੰ 527 ਬੀ ਸੀ ਵਿੱਚ ਦੀਵਾਲੀ ਦੇ ਦਿਨ ਪਟਨਾ ਦੀ ਪਾਵਾਪੁਰੀ ਵਿੱਚ ਮੋਕਸ਼ ਪ੍ਰਾਪਤ ਹੋਇਆ ਸੀ। ਜੈਨ ਗ੍ਰੰਥਾਂ ਦੇ ਅਨੁਸਾਰ ਭਗਵਾਨ ਮਹਾਵੀਰ ਨੇ ਦੀਵਾਲੀ ਤੋਂ ਪਹਿਲੀ ਰਾਤ ਨੂੰ ਅੱਧੀ ਰਾਤ ਸਮੇਂ ਆਪਣਾ ਆਖਰੀ ਉਪਦੇਸ਼ ਦਿੱਤਾ ਸੀ। ਉਨ੍ਹਾਂ ਦੁਆਰਾ ਦਿੱਤੇ ਆਖਰੀ ਉਪਦੇਸ਼ ਨੂੰ ਉਤਰਾਧਿਆਨ ਸੂਤਰ ਨਾਂ ਨਾਲ ਜਾਣਿਆ ਜਾਂਦਾ ਹੈ। ਇਸੇ ਦਿਨ ਮਹਾਤਮਾ ਗੌਤਮ ਬੁੱਧ ਦੇ ਅਨੁਯਾਈਆਂ ਨੇ 2500 ਸਾਲ ਪਹਿਲਾ ਗੌਤਮ ਬੁੱਧ ਦੇ ਸਵਾਗਤ ਦੀ ਖ਼ੁਸ਼ੀ ਵਿੱਚ ਦੀਪਮਾਲਾ ਕੀਤੀ ਸੀ। ਸਮਰਾਟ ਵਿਕ੍ਰਮਾਦਿੱਤ ਦੀਵਾਲੀ ਦੇ ਦਿਨ ਹੀ ਰਾਜ ਤਖ਼ਤ 'ਤੇ ਬੈਠੇ ਸਨ।

ਕੌਟਲਿਆ ਅਰਥ ਸ਼ਾਸਤਰ ਅਨੁਸਾਰ ਕੱਤਕ ਮਹੀਨੇ ਦੀ ਮੱਸਿਆ ਦੇ ਦਿਨ ਮੰਦਰਾਂ ਤੇ ਘਾਟਾਂ (ਨਦੀ ਕਿਨਾਰੇ) 'ਤੇ ਘਿਉ ਦੇ ਦੀਵੇ ਜਗਾਏ ਜਾਂਦੇ ਸਨ। ਪੁਰਾਤੱਤਵ ਮਾਹਰਾਂ ਅਨੁਸਾਰ 500 ਈਸਵੀ ਮੋਹਨਜੋਦੜੋ ਸੱਭਿਅਤਾ ਦੇ ਮਿਲੇ ਅਵਸ਼ੇਸ਼ਾਂ ਵਿੱਚੋਂ ਇਕ ਅਜਿਹੀ ਮਿੱਟੀ ਦੀ ਮੂਰਤੀ ਪ੍ਰਾਪਤ ਹੋਈ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਉਸ ਸਦੀ ਵਿੱਚ ਵੀ ਦੀਵਾਲੀ ਮਨਾਈ ਜਾਂਦੀ ਸੀ ਅਤੇ ਦੀਪਮਾਲਾ ਕੀਤੀ ਜਾਂਦੀ ਸੀ।

ਮੁਗ਼ਲ ਸ਼ਾਸਕ ਬਾਬਰ ਦੀਵਾਲੀ ਦੇ ਮੌਕੇ 'ਤੇ ਗਰੀਬਾਂ ਅਤੇ ਜ਼ਰੂਰਤਮੰਦਾਂ ਨੂੰ ਕੱਪੜੇ, ਮਠਿਆਈਆਂ ਅਤੇ ਹੋਰ ਜ਼ਰੂਰਤ ਦਾ ਸਾਮਾਨ ਦਾਨ ਕਰਕੇ ਆਪਣੇ ਰਾਜ ਮਹੱਲ ਵਿੱਚ ਰੋਸ਼ਨੀ ਕਰਦਾ ਸੀ। ਇਹ ਰਵਾਇਤ ਉਸ ਦੇ ਪੁੱਤਰ ਬਾਦਸ਼ਾਹ ਹੁਮਾਯੂੰ ਦੇ ਸਮੇਂ ਵੀ ਜਾਰੀ ਰਹੀ। ਖੁਦ ਨੂੰ ਦੀਨ-ਏ-ਇਲਾਹੀ ਮੰਨਣ ਵਾਲੇ ਮੁਗ਼ਲ ਬਾਦਸ਼ਾਹ ਅਕਬਰ ਵੱਲੋਂ ਵੀ ਆਪਣੇ ਸ਼ਾਸਨ ਕਾਲ ਸਮੇਂ ਸ਼ਾਹੀ ਕਿਲ੍ਹੇ ਵਿੱਚ ਆਪਣੇ ਦੌਲਤਖਾਨੇ ਦੇ ਸਾਹਮਣੇ 40 ਫੁੱਟ ਉਚੇ ਲਕੜੀ ਦੇ ਖੰਭੇ 'ਤੇ ਇਕ ਵੱਡਾ ਆਕਾਸ਼ਦੀਪ ਦੀਵਾਲੀ ਦੇ ਦਿਨ ਲਟਕ-ਾਇਆ ਜਾਂਦਾ ਸੀ। ਬਾਦਸ਼ਾਹ ਜਹਾਂਗੀਰ ਵੀ ਦੀਵਾਲੀ ਧੂਮ ਧਾਮ ਨਾਲ ਮਨਾਉਂਦਾ ਸੀ। ਮੁਗ਼ਲ ਵੰਸ਼ ਦੇ ਆਖਰੀ ਸਮਰਾਟ ਬਹਾਦਰ ਸ਼ਾਹ ਜਫਰ ਦੀਵਾਲੀ ਨੂੰ ਤਿਉਹਾਰ ਦੇ ਰੂਪ ਵਿੱਚ ਮਨਾਉਂਦੇ ਸਨ ਤੇ ਇਸ ਮੌਕੇ ਕਰਾਏ ਜਾਣ ਵਾਲੇ ਪ੍ਰੋਗਰਾਮਾਂ ਵਿੱਚ ਖੁਦ ਸ਼ਾਮਲ ਹੁੰਦੇ ਸਨ। ਸ਼ਾਹ ਆਲਮ (ਦੂਸਰਾ) ਦੇ ਸਮੇਂ ਵੀ ਸਾਰੇ ਸ਼ਾਹੀ ਮਹੱਲ ਨੂੰ ਦੀਵਿਆਂ ਨਾਲ ਸਜਾਇਆ ਜਾਂਦਾ ਸੀ। ਨੇਪਾਲੀਆਂ ਲਈ ਦੀਵਾਲੀ ਦਾ ਤਿਉਹਾਰ ਇਸ ਲਈ ਵਿਸ਼ੇਸ਼ ਮਹਤੱਤਾ ਰੱਖਦਾ ਹੈ, ਕਿਉਂਕਿ ਇਸੇ ਦਿਨ ਨੇਪਾਲ ਸੰਮਤ ਵਿੱਚ ਨਵਾਂ ਸਾਲ ਆਰੰਭ ਹੁੰਦਾ ਹੈ।

ਿ ਸੱਖਾਂ ਵੱਲੋਂ ਦੀਵਾਲੀ ਦਾ ਤਿਉਹਾਰ ਬੰਦੀ ਛੋੜ ਦਿਵਸ ਵਜੋਂ ਮਨਾਇਆ ਜਾਂਦਾ ਹੈ। ਗੁਰੂ ਘਰ ਦੇ ਵਿਰੋਧੀਆਂ ਦੀਆਂ ਝੂਠੀਆਂ ਸ਼ਿਕਾਇਤਾਂ ਉੱਤੇ ਮੁਗਲ ਬਾਦਸ਼ਾਹ ਜਹਾਂਗੀਰ ਵੱਲੋਂ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਕੀਤੇ ਗਏ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਦੀਵਾਲੀ ਵਾਲੇ ਦਿਨ ਆਪਣੇ ਨਾਲ ਕੈਦ 52 ਰਾਜਪੂਤ ਰਾਜਿਆਂ ਨੂੰ ਬੰਦੀ ਮੁਕਤ ਕਰਵਾ ਕੇ ਵਾਪਸ ਆਏ ਸਨ। ਉਨ੍ਹਾਂ ਦੇ ਪਰਤਣ ਤੇ ਬੰਧਨ ਮੁਕਤ ਹੋਣ ਦੀ ਖ਼ੁਸ਼ੀ ਵਿੱਚ ਉਸ ਰਾਤ ਬਾਬਾ ਬੁੱਢਾ ਜੀ ਦੇ ਹੁਕਮ ਅਨੁਸਾਰ ਸ੍ਰੀ ਹਰਿਮੰਦਰ ਸਾਹਿਬ ਅਤੇ ਪੂਰੇ ਅੰਮ੍ਰਿਤਸਰ ਸ਼ਹਿਰ ਵਿੱਚ ਦੀਪਮਾਲਾ ਕੀਤੀ ਗਈ ਸੀ।

ਸ਼ਹੀਦ ਬਿਲਾਸ, ਭਾਈ ਸੇਵਾ ਸਿੰਘ ਭੱਟਕਰੀ (ਗੁਰਮੁਖੀ 'ਚ ਉਤਾਰਾ ਸ੍ਰੀ ਛੱਜੂ ਸਿੰਘ) ਅਨੁਸਾਰ ਭਾਈ ਮਨੀ ਸਿੰਘ ਨੇ 1733 ਦੀ ਦੀਵਾਲੀ ਦੇ ਮੇਲੇ ਦੀ ਦਸ ਦਿਨਾਂ ਲਈ ਭਾਈ ਸੂਰਤ ਸਿੰਘ ਸੂਰੀ ਅਤੇ ਭਾਈ ਸੁਬੇਗ ਸਿੰਘ ਜੰਭਰ ਦੀ ਮਾਰਫਤ ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਂ ਪਾਸੋਂ ਦਸ ਹਜ਼ਾਰ ਰੁਪਏ ਦੇਣੇ ਕਰਕੇ ਮਨਜ਼ੂਰੀ ਪ੍ਰਾਪਤ ਕਰ ਲਈ, ਪਰ ਜਦੋਂ ਮੇਲਾ ਨੇੜੇ ਆਇਆ ਤਾਂ ਹਕੂਮਤ ਦੀ ਨੀਤ ਬਦਲ ਗਈ। ਮੁਖਬਰਾਂ ਨੇ ਸੂਬੇ ਲਾਹੌਰ ਨੂੰ ਉਕਸਾਉਣਾ ਸ਼ੁਰੂ ਕਰ ਦਿੱਤਾ ਕਿ ਮੇਲੇ ਵਿੱਚ ਇਕੱਠੇ ਹੋਏ ਸਿੰਘਾਂ ਨੂੰ ਗ੍ਰਿਫਤਾਰ ਕਰਕੇ ਮਾਰ ਮੁਕਾ ਦਿੱਤਾ ਜਾਵੇ। ਇਹ ਕਨਸੋਆਂ ਲਾਹੌਰੀ ਸਿੱਖਾਂ ਰਾਹੀਂ ਭਾਈ ਮਨੀ ਸਿੰਘ ਅਤੇ ਬਾਹਰਲੇ ਸਿੰਘਾਂ ਕੋਲ ਪੁੱਜ ਗਈਆਂ, ਜਿਸ ਕਾਰਨ ਮੇਲੇ ਵਿੱਚ ਰੁਕਾਵਟ ਪੈ ਗਈ ਅਤੇ ਕੋਈ ਵੀ ਸਿੰਘ ਦੀਵਾਲੀ ਸਮੇਂ ਅੰਮ੍ਰਿਤਸਰ ਦਰਸ਼ਨਾਂ ਲਈ ਨਾ ਆ ਸਕਿਆ। ਇਸ ਕਾਰਨ ਕੋਈ ਭੇਟਾ ਨਾ ਚੜ੍ਹਨ 'ਤੇ ਸੂਬੇ ਨੂੰ ਦਸ ਹਜ਼ਾਰ ਰੁਪਏ ਨਾ ਦਿੱਤੇ ਜਾ ਸਕੇ। ਟੈਕਸ ਦੀ ਰਕਮ ਅਦਾ ਨਾ ਕਰਨ ਦੇ ਦੋਸ਼ ਵਿੱਚ ਭਾਈ ਜੀ ਤੇ ਹੋਰ ਸਿੰਘਾਂ ਨੂੰ ਗ੍ਰਿਫਤਾਰ ਕਰਕੇ ਲਾਹੌਰ ਲਿਜਾਇਆ ਗਿਆ ਅਤੇ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ।

ਸਿੱਖ ਇਤਿਹਾਸ ਵਿੱਚ ਇਹ ਵੀ ਦਰਜ ਹੈ ਕਿ 10 ਅਪ੍ਰੈਲ 1762 ਨੂੰ ਅਹਿਮਦ ਸ਼ਾਹ ਅਬਦਾਲੀ ਨੇ ਹਰਿਮੰਦਰ ਸਾਹਿਬ ਦੀਆਂ ਨੀਹਾਂ ਹੇਠ ਬਾਰੂਦ ਦੇ ਕੁੱਪੇ ਰੱਖਵਾ ਕੇ ਸੱਚਖੰਡ ਦੀ ਇਮਾਰਤ ਨੂੰ ਜ਼ਮੀਨਦੋਜ਼ ਕਰਨ ਅਤੇ ਸਰੋਵਰ ਦੀ ਪਵਿੱਤਰਤਾ ਭੰਗ ਕਰਨ ਤੋਂ ਬਾਅਦ ਦੀਵਾਲੀ ਵਾਲੇ ਦਿਨ ਵੱਡੀ ਗਿਣਤੀ ਵਿੱਚ ਸਿੰਘ ਸ੍ਰੀ ਹਰਿਮੰਦਰ ਸਾਹਿਬ ਇਕੱਠੇ ਹੋਏ ਅਤੇ ਪਵਿੱਤਰ ਸਰੋਵਰ ਦੀ ਕਾਰ ਸੇਵਾ ਆਰੰਭੀ ਗਈ।

ਦੀਵਾਲੀ ਦੇ ਦਿਨ ਹੀ ਆਰੀਆ ਸਮਾਜ ਦੇ ਸੰਸਥਾਪਕ ਮਹਾਰਿਸ਼ੀ ਦਯਾਨੰਦ ਨੇ ਅਜਮੇਰ ਨੇੜੇ 30 ਅਕਤੂਬਰ 1831 ਨੂੰ ਆਪਣੇ ਪ੍ਰਾਣ ਤਿਆਗੇ। ਇਸੇ ਦਿਨ ਗੁਜਰਾਂਵਾਲਾ (ਪਾਕਿਸਤਾਨ) ਵਿੱਚ ਜਨਮੇ ਸਵਾਮੀ ਰਾਮ ਤੀਰਥ 26 ਸਾਲ ਦੀ ਉਮਰ ਵਿੱਚ ਸਨਿਆਸੀ ਬਣੇ ਤੇ ਦੀਵਾਲੀ ਵਾਲੇ ਦਿਨ ਹੀ ਗੰਗਾ ਵਿੱਚ 'ਓਮ' ਸ਼ਬਦ ਦਾ ਉਚਾਰਨ ਕਰਦਿਆਂ ਉਨ੍ਹਾਂ ਜਲ ਸਮਾਧੀ ਲਈ।

ਦੀਵਾਲੀ ਨੂੰ ਹਿੰਦੂਆਂ ਤੇ ਸਿੱਖਾਂ ਸਮੇਤ ਦੂਜੇ ਧਰਮਾਂ ਦੇ ਲੋਕਾਂ ਦੁਆਰਾ ਸਾਂਝੇ ਰੂਪ ਵਿੱਚ ਮਨਾਏ ਜਾਣ ਕਰਕੇ ਇਹ ਤਿਉਹਾਰ ਕਿਸੇ ਇਕ ਸਮੂਹ ਦਾ ਨਾ ਹੋ ਕੇ ਪੂਰੇ ਰਾਸ਼ਟਰ ਦਾ ਸਾਂਝਾ ਤਿਉਹਾਰ ਬਣ ਚੁੱਕਿਆ ਹੈ।

## ੴ ਸਤਿਗੁਰ ਪ੍ਰਸਾਦਿ॥

# ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ।



ਕਰਨੈਲ ਸਿੰਘ

ਰਾਜਾ ਦਸ਼ਰਥ ਅਤੇ ਰਾਣੀ ਕੁੱਸ਼ਲਿਆ ਦੋਵੇਂ ਚੜ੍ਹਦੀ ਅਵੱਸਥਾ ਵਿਚ ਅਯੁਧਿਆ ਪੁਰੀ ਵਿਚ ਰਾਜ ਮਹਿਲਾਂ ਵਿਚ ਅਨੰਦ ਪੂਰਵਕ ਵੱਸ ਰਹੇ ਹਨ। ਜਿਸ ਵੇਲੇ ਉਹਨਾਂ ਨੂੰ ਪਤਾ ਚਲਿਆ ਕੇ ਸਾਡੇ ਘਰ ਵਿਚ ਬਾਲਕ ਨੇ ਜਨਮ ਲੈਣਾ ਹੈ। ਉਸ ਵੇਲੇ ਦੋਵੇਂ ਰਾਜਾ ਰਾਣੀਂ ਆਪਸ ਵਿਚ ਸਲਾਹਾਂ ਕਰਦੇ ਹਨ, ਅਗਰ ਸਾਡੇ ਘਰ ਪੁਤ੍ਰ ਹੋਵੇ, ਤਾਂ ਉਸਦਾ ਨਾਮ ਕੀ ਰਖੀਏ, ਰਾਜੇ ਦਸ਼ਰਥ ਨੇ ਰਾਣੀ ਕੁੱਸ਼ਲਿਆ ਨੂੰ ਕਿਹਾ=ਰਾਮਚੰਦ=ਨਾਮ ਰਖਾਂਗੇ।ਜਿਸ ਵੇਲੇ ਰਾਮ ਚੰਦ ਮੂਹੰ ਚੋਂ ਨਿਕਲਿਆ, ਭਾਈ ਗੁਰਦਾਸ ਜੀ ਲਿਖਦੇ ਹਨ। ਤਿਨ ਹੱਤਿਆ ਦਾ ਪਾਪ ਲੱਥ ਗਿਆ।ਤਿਨ ਹਤਿਆ ਕਿਹੜੀਆਂ ਹਨ, ਸਰਵਣ ਨੂੰ ਕਿਸੇ ਪੱਸੂ ਜਾਂ ਰੋਜ਼, ਮ੍ਰਿਗ ਸਮਝਕੇ ਭਲੇਖੇ ਨਾਲ ਤੀਰ ਮਾਰਿਆ, ਸਰਵਣ ਮਰ ਗਿਆ ਸਕਾ ਭਾਣਜਾ=ਹਤਿਆ ਲੱਗ ਗਈ। ਉਸ ਦੇ ਅੰਨ੍ਹੇ ਮਾਤਾ ਪਿਤਾ ਪੁਤ੍ਰ ਦੇ ਵਿਜੋਗ ਵਿਚ ਮਰ ਗਏ। ਦੋ ਹਤਿਆ ਇਹ ਹੋ ਗਈਆਂ।ਤਿਨ ਹੱਤਿਆ ਦਾ ਵੱਡਾ ਘੋਰ ਪਾਪ ਲੱਗਿਆ ਸੀ।ਰਾਮ ਚੰਦ ਤੋਂ ਭਾਵ ਰਾਮ ਕਹਿਨ ਦੇ ਨਾਲ ਤਿਨੇਂ ਹਤਿਆ ਦਾ ਪਾਪ ਖੱਤਮ ਹੋ ਗਿਆ।

ਕਉਨ ਕੋ ਕਲੰਕੁ ਰਹਿਓ ਰਾਮ ਨਾਮੁ ਲੇਤ ਹੀ॥ ਟੋਡੀ ਨਾਮ ਦੇਵ {ਪੰਨਾ ੭੧੮}

ਅਰਥ: ਭਗਤ ਨਾਮ ਦੇਵ ਜੀ ਕਥਨ ਕਰਦੇ ਹਨ, ਜਿਨ੍ਹਾਂ ਨੇ ਸ਼ਰਧਾ ਸਹਿਤ ਰਾਮ ਦਾ ਨਾਮ ਲਿਆ ਕਿਸ ਦਾ ਕਲੰਕ ਰਿਹਾ ਹੈ। ਭਾਵ ਕਿਸੇ ਦਾ ਕਲੰਕ ਲੱਗਿਆ ਨਹੀਂ ਰਹਿੰਦਾ। ਨੋਟ :- ਨਾਮ ਦੇਵ ਜੀ ਕਬੀਰ ਜੀ ਆਦਿਕ ਭਗਤਾਂ ਨੇ ਰਾਮ ਚੰਦ੍ਰ ਦੀ ਹੀ ਅਰਾਧਨਾ ਕੀਤੀ ਹੈ। ਤਥਾ:- ਜਪਿ ਮਨ ਰਾਮ ਨਾਮ ਨਿਸਤਾਰਾ॥ ਕੋਟ ਕੋਟੰਤਰ ਕੇ ਪਾਪ ਸਭਿ ਖੋਵੈ ਹਰਿ ਭਵਜਲੁ ਪਾਰਿ ਉਤਾਰਾ॥ ਬੈਰਾੜੀ ਮ: ੪ ॥{ਪੰਨਾ ੭੨੦}

ਆਓ ਭਾਈ ਸਾਹਿਬ ਭਾਈ ਗੁਰਦਾਸ ਜੀ ਨੂੰ ਸੁਣੀਐ।

੧ . ਰੰਗ ਮਹਲ ਰੰਗ ਰਾਗ ਵਿਚਿ ਦਸਰਥੁਕਉਸਲਿਆ ਰਲਿਆਲੇ

੨ . ਮਤਾ ਮਤਾਇਨਿ ਆਪ ਵਿਚਿ ਚਾਇ ਚਈਲੇ ਖਰੇ ਸੁਖਾਲੇ।

੩ . ਘਰਿ ਅਸਾੜੈ ਪੁਤੁ ਹੋਇ ਨਾਉ ਕਿ ਧਰੀਐ ਬਾਲਕ ਬਾਲੇ।

੪. ਰਾਮ ਚੰਦੁ ਨਾਉ ਲੈਦਿਆਂ ਤਿੰਨਿ ਹਤਿਆ ਤੇ ਹੋਇ ਨਿਰਾਲੇ।

੫. ਰਾਮ ਰਾਜ ਪਰਵਾਣ ਜਗੁ ਸਤਿ ਸੰਤੋਖ ਧਰਮ ਬਹਾਲੇ।

੬. ਮਾਇਆ ਵਿਚਿ ਉਦਾਸ ਹੋਇ ਸੁਣੈ ਪੁਰਾਣੁ ਬਸਿਸਟੁ ਬਹਾਲੇ।

੭. ਰਾਮਾਇਣੁ ਵਰਤਾਇਆ ਸਿਲਾ ਤਰੀ ਪਗ ਛੁਹਿ ਤਤਕਾਲੇ।

੮. ਸਾਧ ਸੰਗਤਿ ਪਗ ਧੂੜਿ ਨਿਹਾਲੇ। ਵਾਰ ੨੩ ਪਉੜੀ ੮

ਆਖਰ ਨੂੰ ਕੇਕਈ ਮਾਤਾ ਦੀ ਈਰਖਾ ਕਰਕੇ ਰਾਜੇ ਦਸਰਥ ਨੂੰ ਸਖਾ ਕੇ ਰਾਮ ਚੰਦ੍ਰ ਜੀ ਨੂੰ 14 ਸਾਲ ਬਨਵਾਸ ਨੂੰ ਭੇਜ ਦਿੱਤਾ ਸੀ।

ਸੀਤਾ ਜੀ ਵੀ ਪਤੀ ਦੇਵ ਜੀ ਦੇ ਸਾਥ ਬਨਵਾਸ ਵਿਚ ਗਈ, ਅਤੇ ਲੱਖਮਣ ਛੋਟਾ ਭਰਾ ਵੀ ਰਾਮ ਜੀ ਦੇ ਦਰਸ਼ਨਾਂ ਤੋਂ ਬਿਨਾਂ ਰਹਿ ਨਹੀਂ ਸਕਦਾ ਨਾਲ ਹੀ ਰਿਹਾ ਜੰਗਲ ਬੀਆਬਾਨ ਵਿਚ, ਤ੍ਰੇਤੇ ਜੁਗ ਦਾ ਸਮਾਂ ਸੀ ਅਤੇ ਪ੍ਰਮੇਸਰ ਦੇ ਵੀਹਵੇਂ ਅਵਤਾਰ ਸੀ।ਰਾਵਣ ਸੀਤਾ ਨੂੰ ਚਰਾਕੇ ਲੈ ਗਿਆ ਸੀ।ਰਾਮ ਚੰਦ੍ਰ ਜੀ ਨੇ ਬਾਂਦਰਾਂ ਦੀ ਸੈਨਾ ਤਿਆਰ ਕੀਤੀ, ਹਨੂੰਮਾਨ ਜੀ ਸੰਮੁੰਦ੍ਰ ਦੇ ਉਤੇ ਤੈਰਾਕੈ ਸ੍ਰੀ ਲੰਕਾ ਵਿਚ ਸੀਤਾ ਮਾਤਾ ਜੀ ਨੂੰ ਮਿਲੇ, ਸੁਖ ਸਾਂਦ ਪੁਛੀ ਅਤੇ ਰਾਮ ਚੰਦ੍ਰ ਜੀ ਅਤੇ ਲਖਮਣ ਦੀ ਰਾਜ਼ੀ ਖੁਸ਼ੀ ਦੱਸੀ, ਸੀਤਾ ਜੀ ਤੋਂ ਇਕ ਮੁੰਦਰੀ ਨਸ਼ਾਨੀ ਵਜੋਂ ਲਿਆਕੇ ਦਿਤੀ। ਸੰਮੁਦਰ ਉਤੇ ਪੱਥਰਾਂ ਦਾ ਪੁਲ ਬਣਾਕੇ ਸ੍ਰੀ ਲੰਕਾ ਨੂੰ ਜਾਣ ਦੀ ਤਿਆਰੀ ਕੀਤੀ।

ਰਾਮਕਲੀ ਮ: ੧ ਸਿੱਧ ਗੋਸ਼ਟ {ਪੰਨਾ ੯੪੨}

ਗੁਰਮੁਖਿ ਬਾਂਧਿਓ ਸੇਤੁ ਬਿਧਾਤੈ॥ ਲੰਕਾ ਲੂਟੀ ਦੈਂਤ ਸੰਤਾਪੈ॥

ਅਰਥ: ਗੁਰਮੁਖਿ = ਤੋਂ ਭਾਵ ਪੂਰਾ ਗੁਰੂ ਵਸ਼ਿਸ਼ਟ, ਰਾਮਚੰਦ੍ਰ ਜੀ ਦੇ ਗੁਰੂ ਹਨ। ਵਸ਼ਿਸ਼ਟ ਗੁਰੂ ਦੇਵ ਜੀ ਪਾਸ ਰਾਮ ਜੀ ਨੇਂ ਬੇਨਤੀ ਕੀਤੀ ਗੁਰਦੇਵ ਜੀ ਸੀਤਾ ਜੀ ਸ੍ਰੀ ਲੰਕਾ ਵਿਚ ਹੈ, ਸੈਨਾ ਲੰਘਉਣੀ ਹੈ। ਕੋਈ ਵਿਧੀ ਦਸੋ, ਵਸ਼ਿਸ਼ਟ ਗੁਰੂ ਜੀ ਨੇਂ ਦੋ ਪੇਪਰ ਦਿਤੇ ਇਕ ਤੇ ਰਕਾਰ ਲਿਖ ਦਿਤਾ ਦੂਜੇ ਪੇਪਰ ਤੇ ਮਕਾਰ ਲਿਖ ਦਿਤਾ।ਕਿਹਾ ਇਹਨਾਂ ਦੇ ਉਤੇ ਪੱਥਰ ਪਾਣੀ ਵਿਚ ਰੱਖ ਦੇਈਂ ਇਹ ਅੱਗੇ ਚਲਣਗੇ, ਪਾਣੀ ਤੇ ਤੈਰ ਕੇ ਪਿਛੇ ਪਿਛੇ ਹੋਰ ਪੱਥਰ ਛੱਡੀ ਜਾਈਂ। ਓਿਸੇ ਤਰ੍ਹਾਂ ਪਾਣੀ ਤੇ ਪੱਥਰ ਤੈਰ ਕੇ ਸਮੁੰਦ੍ਰ ਉਤੇ ਤਕਰੀਬਨ 30 ਕਿਲੋਮੀਟਰ ਲੰਬਾ ਪੁਲੱ ਬੱਝ ਗਿਆ। ਰਾਮ ਚੰਦ੍ਰ ਜੀ ਪ੍ਰਭੂ ਦੇ ਅਵਤਾਰ ਅਤੇ ਛੋਟਾ ਭਰਾ ਲਕਸ਼ਮਣ ਜੱਤੀ ਪੁਰਸ਼, ਸ਼ਹਿਤ ਬਾਂਦਰਾਂ ਦੀ ਸੈਨਾ ਦੇ ਨਾਲ ਲੰਕਾ ਵਿਚ ਦਾਖਲ ਹੋਏ।ਰਾਵਣ ਪਾਸ ਆਪਣਾ ਦੂਤ ਭੇਜਿਆ ਕੇ ਰਾਮ ਚੰਦ੍ਰ ਭਗਵਾਨ ਆਏ ਹਨ, ਜੰਗ ਲਈ ਤਿਆਰ ਹੋ ਜਾ। ਗੁਰੂ ਨਾਨਕ ਦੇਵ ਇਸ ਘੋਰ ਯੁੱਧ ਦੇ ਸੰਬੰਧ ਵਿਚ ਲਿਖਦੇ ਹਨ।

ਗੁਰਮੁਖਿ ਬਾਂਧਿਓ ਸੇਤੁ ਬਿਧਾਤੇ॥ ਲੰਕਾ ਲੂਟੀ ਦੈਂਤ ਸੰਤਾਪੈ॥

ਅਰਥ: ਲੰਕਾ ਲੂਟੀ ਅਤੇ ਦੈਂਤਾਂ ਨੂੰ ਸੰਤਾਪ ਡੰਡ ਦਿੱਤਾ ਫੌਜਾਂ ਮਾਰੀਆਂ। ਬਿਧਾਤੇ ਤੋਂ ਭਾਵ ਰਾਮ ਚੰਦ੍ਰ ਜੀ। ਗੁਰਮੁਖ = ਗੁਰੂ ਵਸ਼ਿਸ਼ਟ ਮੁਨੀਂ ਜੀ।

ਰਾਮ ਚੰਦਿ ਮਾਰਿਓ ਅਹਿ ਰਾਵਣੁ॥ ਭੇਦੁ ਬਭੀਖਣ ਗੁਰਮੁਖਿ ਪਰਚਾਇਣੁ॥

ਅਰਥ: ਰਾਮ ਚੰਦ੍ਰ ਜੀ ਨੇਂ ਫੌਜਾਂ ਨੂੰ ਮਾਰਕੇ ਫੇਰ ਰਾਵਣ ਨੂੰ ਜੰਗੇ ਮਦਾਨ ਵਿਚ ਮਾਰਿਆ। ਗੁਰਮੁਖਿ = ਰਾਵਣ ਦਾ ਭਰਾ ਰਾਮਚੰਦ੍ਰ ਨਾਲ ਰਲ ਗਿਆ ਸੀ, ਰਾਮ ਚੰਦ੍ਰ ਜੀ ਨੇਂ 101 ਸਿਰ ਵੱਢੇ ਸੀ ਰਾਵਣ ਦੇ ਉਹ ਸਿਰ ਫੇਰ ਲੱਗ ਜਾਂਦੇ ਸੀ। ਬਭੀਖਣ ਨੇਂ ਕਿਹਾ ਮਹਾਰਾਜ ਇਸ ਤਰ੍ਹਾਂ ਇਹ ਨਹੀਂ ਮਰੇਗਾ।ਇਸ ਦੇ ਨਾਭੀ ਵਿਚ ਅੰਮ੍ਰਿਤ ਦਾ ਕੁੰਡ ਹੈ।ਰਾਮ ਜੀ ਨੇਂ ਨਾਭੀ ਵਿਚ ਅੱਗਨ ਬਾਣ ਮਾਰਿਆ ਸੀ। ਤਾਂ ਰਾਵਣ ਮਰਿਆ ਸੀ। ਗੁਰੂ ਜੀ ਲਿਖਦੇ ਹਨ, ਕੇ ਭੇਦ ਰਾਵਣ ਦੇ ਭਰਾ ਬਭੀਸ਼ਨ ਨੇ ਦਿਤਾ ਸੀ।



ਗੁਰਮੁਖਿ ਸਾਇਰਿ ਪਾਹਣ ਤਾਰੇ ਗੁਰਮੁਖਿ ਕੋਟਿ ਤੇਤੀਸ ਉਧਾਰੇ ॥ {ਪੰਨਾ ੯੪੨ }

ਅਰਥ: ਗੁਰਮੁਖਿ=ਵਸ਼ਿਸ਼ਟ ਗੁਰੂ ਦੀ ਕ੍ਰਿਪਾ ਕਰਕੇ ਸਮੁੰਦ੍ਰ ਤੇ ਪਥਰ ਤਾਰੇ ਤੇਤੀ ਕ੍ਰੋੜ ਜਿਹੜੇ ਦੇਵਤੇ ਬੰਦੀ ਖਾਨੇ ਵਿਚ ਰਖੇ ਸੀ ਰਾਵਣ ਨੇਂ, ਸਾਰਿਆਂ ਨੂੰ ਉਧਾਰੇ॥ ਬੰਦ ਖਲਾਸੀ ਕਰਾ ਦਿਤੀ, ਆਜ਼ਾਦ ਹੋ ਗਏ। ਦੇਵਤਿਆਂ ਨੇ ਰਾਮ ਜੀ ਦੀ ਜੈ ਜੈ ਕਾਰ ਕੀਤੀ, ਕੇ ਹੇ ਪ੍ਰਭੂ ਆਪ ਜੀ ਨੇ ਕ੍ਰਿਪਾ ਕੀਤੀ ਹੈ।

ਆਸਾ ਕਬੀਰ ਜੀਉ॥ {ਪੰਨਾ ੪੮੧}

ਇਕ ਲਖ ਪੂਤ ਸਵਾ ਲਖੁ ਨਾਤੀ॥ ਤਿਹ ਰਾਵਨ ਘਰ ਦੀਆ ਨ ਬਾਤੀ॥੨॥

ਅਰਥ: ਰਾਵਣ ਦੇ ਘਰ ਵਿਚ ਇਕ ਲੱਖ ਪੁੱਤਰ, ਸਵਾ ਲੱਖ ਨਾਤੀ=ਪੋਤਰਾ ਸੀ। ਪਰ ਹੰਕਾਰ ਦੇ ਕਾਰਣ ਕਰਕੇ ਸਾਰੀ ਬੰਸੁ ਹੀ ਮਾਰੀ ਗਈ , ਦੀਵੇ ਗੁਲ ਹੋ ਗਏ। ਅਸ਼ੋਕ ਬਾਗ ਵਿਚੋਂ ਸੀਤਾ ਜੀ ਨੂੰ ਲੈ ਕੇ ਆਏ । ਰਾਵਣ ਦੇ ਛੋਟੇ ਭਰਾ ਵਿਭੀਸ਼ਣ ਨੂੰ ਰਾਜ ਗੱਦੀ ਤੇ ਬਿਠਾ ਕੇ ਅਯੁਧਿਆ ਨਗਰੀ ਵਿਚ ਆਏ।

ਉਸ ਸਮੇਂ ਤਕ 14 ਸਾਲ ਦਾ ਬਨਵਾਸ ਵੀ ਪੂਰਾ ਹੋ ਗਿਆ ਸ੍ਰੀ ਰ੍ਰਾਮ ਚੰਦ੍ਰ ਜੀ ਲਖਮਣ ਜੀ ਅਤੇ ਸੀਤਾ ਮਾਤਾ ਦਾ ਆਗਮ ਸੁਣਕੇ ਰਾਜ ਘਰਾਣੇ ਵਿਚ ਤਾਂ ਖੁਸ਼ੀਆਂ ਅਤੇ ਦੀਪ ਮਾਲਾ ਹੋਈ ਹੀ ਸੀ। ਸਾਰੇ ਅਯੁਧਿਆ ਵਾਸੀਆਂ ਨੇਂ ਦੀਵੇ ਜਗਾਏ ਅਤੇ ਇਕ ਦੂਜੇ ਨੂੰ ਜਾਂ ਗਰੀਬਾਂ ਨੂੰ ਮਿਠਾਈਆਂ ਵੰਡੀਆਂ। ਸਾਰੀ ਅਯੁੱਧਿਆ ਨਗਰੀ ਦੀਪ ਮਾਲਾ ਨਾਲ ਜਗ ਮਗਾ ਉਠੀ। ਦੀਪ ਵਾਲੀ ਤੋਂ ਇਸ ਦਾ ਨਾਮ ਦੀਵਾਲੀ ਪੈ ਗਿਆ। ਜੋ ਤ੍ਰੇਤੇ ਯੁਗ ਤੋਂ ਲੈ ਕੇ ਹਰ ਸਾਲ ਸਾਰੇ ਇੰਡੀਆ ਵਿਚ ਮਨਾਈ ਜਾਂਦੀ ਹੈ। {ਭੱਟਾਂ ਨੇ ਗੁਰੂ ਰਾਮ ਦਾਸ ਜੀ ਦੀ ਸਿਫਤ ਕਰਨ ਸਮੇਂ ਕਿਹਾ ਹੈ, ਆਪ ਜੀ ਪ੍ਰਭੂ ਸਰੂਪ ਹੋ, ਆਪ ਤ੍ਰੇਤੇ ਜੁਗ ਵਿੱਚ ਰਾਮਚੰਦ੍ਰ ਰੂਪ ਲੈ ਕੇ ਆਏ ਸੀ। ਸਵਈਏ ਮਹਲੇ ਚੌਥੇ ਕੇ॥ {ਪੰਨਾ ੧੪੦੨}

ਰਘੁਬੰਸਿ ਤਿਲਕੁ ਸੁੰਦਰੁ ਦਸਰਥ ਘਰਿ ਮੁਨਿ ਬੰਛਹਿ ਜਾਕੀ ਸਹਣੰ॥੨॥ ਸਤਿਗੁਰੁ ਗੁਰੁ ਸੇਵ ਅਲਖ ਗਤਿ ਜਾ ਕੀ ਸ੍ਰੀ ਰਾਮਦਾਸ ਤਾਰਣ ਤਰਣੰ॥

ਅਰਥ: ਭੱਟ ਗੁਰੂ ਰਾਮ ਦਾਸ ਜੀ ਨੂੰ ਬੇਨਤੀ ਕਰਦੇ ਹਨ: ਜਿਸ ਸਮੇਂ ਆਪ ਜੀ ਰਘੁਬੰਸ ਵਿਚ ਬੜੇ ਹੀ ਸੋਹਣੇ ਸੁੰਦਰ ਸਰੂਪ ਵਾਲੇ ਹੋ ਕੇ=ਦਸਰਥ ਘਰਿ=ਦਸਰਥ ਰਾਜੇ ਦੇ ਘਰ ਵਿਚ ਆਏ ਸੀ, ਬੜੇ ਬੜੇ ਰਿਸ਼ੀ ਮੁਨੀ ਆਪ ਜੀ ਦੇ ਦਰਸ਼ਨਾਂ ਨੂੰ ਬੰਸਹਿ =ਚਾਹੁੰਦੇ ਸੀ। ਅਤੇ ਆਪ ਜੀ ਦੇ ਚਰਨਾਂ ਦੀ ਧੂੜ ਪ੍ਰਾਪਤ ਕਰਕੇ ਆਪਣਾ ਜਨਮ ਸਫਲਾ ਚਾਹੁੰਦੇ ਸਨ। ਸ੍ਰੀ ਗੁਰੂ ਰਾਮ ਦਾਸ ਜੀ ਦੀ ਗਤੀ ਅਲਖ ਹੈ ਜਾਨਣ ਤੋਂ ਰਹਿਤ ਹੈ, ਸ੍ਰੀ ਗੁਰੂ ਰਾਮ ਦਾਸ ਜੀ ਕਲਜੁਗੀ ਜੀਵਾਂ ਨੂੰਤਾਰਣ ਨੂੰ ਜਹਾਜ਼ ਰੂਪ ਹਨ॥2॥

ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ

ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ॥ ਸਵਈਏ ਮਹਲੇ ਚੌਥੇਕੇ॥ {ਪੰਨਾ ੧੪੦੩}

ਅਰਥ: ਹੇ ਗੁਰੂ ਰਾਮ ਦਾਸ ਜੀ :- ਆਪ ਸੱਚ ਸਰੂਪ ਹੋ ਭਾਵ ਪ੍ਰਮੇਸਰ ਸਰੂਪ ਹੋ, ਸ੍ਰੀ ਨਿਵਾਸ = ਤੋਂ ਭਾਵ ਹੈ ਲਛਮੀ ਆਪ ਜੀ ਦੇ ਚਰਨਾਂ ਵਿਚ ਨਿਵਾਸ ਰਖਦੀ ਹੈ। ਆਪ ਸਦਾ ਰਹਿਣ ਵਾਲੇ ਪ੍ਰਮਾਤਮਾਂ ਸਰੂਪ ਹੋ ਸਮੇਂ ਸਮੇਂ ਧਰਮ ਦੀ ਪਾਲਣਾ ਕਰਨ ਲਈ ਸਰਗੁਣ ਸਰੂਪ ਮਨੁੱਖਾ ਦੇਹੀ ਧਾਰਨ ਕਰਦੇ ਹੋ। ਆਪ ਸਤਿ ਜੁਗ, ਤ੍ਰੇਤਾ ਦੁਆਪੁਰ, ਕਲਯੁਗ, ਚਾਰਾਂ ਜੁਗਾਂ ਵਿਚ ਵਾਹਿਗੁਰੂ ਵਾਹਿ = ਅਸਚਰਜ ਹੋ ਅਗਿਆਨ ਰੂਪ , ਗੁ=ਹਨੇਰੇ ਦਾ ਨਾਸ ਕਰਕੇ ਗਿਆਨ , ਰੂ=ਪ੍ਰਕਾਸ਼ ਕਰਦੇ ਹੋ।ਹੇ ਗੁਰੂ ਰਾਮ ਦਾਸ ਜੀ ਆਪ ਧੰਨ ਹੋ ਆਪ ਜੀ ਦੀ ਲੀਲਾ ਲਖੀ ਨਹੀਂ ਜਾਂਦੀ।

ਬੇਨਤੀ ਹੈ ਸਾਧ ਸੰਗਤ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਸਤਤੀ ਕਰ ਰਹੇ ਹਨ ਭੱਟ।

ਸਵਈਏ ਮਹਲੇ ਪਹਿਲੇ ਕੇ ॥ {ਪੰਨਾ ੧੩੯੦}

ਸਤਿਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ॥

ਤ੍ਰੇਤੈ ਤੈ ਮਾਣਿਓ ਰਾਮੁ ਰਘਵੰਸੁ ਕਹਾਇਓ॥

ਅਰਥ: ਹੇ ਸਤਿਗੁਰੂ ਨਾਨਕ ਦੇਵ ਜੀ ਆਪ ਜੀ ਨੇਂ ਸਤਜੁਗ ਵਿਚ ਬਾਵਨ ਅਵਤਾਰ ਧਾਰਕੇ ਰਾਜੇ ਬਲ ਨੂੰ ਛਲਿਆ ਸੀ। ਤ੍ਰੇਤੇ ਜੁਗ ਵਿਚ ਆਪ ਜੀ ਨੇਂ ਰਘੁਵੰਸੁ=ਕੁਲ ਵਿਚ ਰਾਮ ਚੰਦ੍ਰ ਰੂਪ ਧਾਰਨ ਕੀਤਾ, ਰਾਵਣ ਦੇ ਮਾਰਨ ਲਈ ਆਏ ਸੀ।

ਦੁਆਪੁਰਿ ਕ੍ਰਿਸ਼ਨ ਮੁਰਾਰਿ ਕੰਸੁ ਕਿਰਤਾਰਥੁ ਕੀਓ॥

ਉਘਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ॥

ਅਰਥ:- ਗੁਰੂ ਨਾਨਕ ਨੈਂ ਹੀ ਪਾਪੀ ਰਾਜੇ ਕੰਸ਼ ਨੂੰ ਕ੍ਰਿਸ਼ਨ ਰੂਪ ਹੋ ਕੇ ਮਾ-ਰਆ ਅਤੇ ਕਿਰਤਾਰਥ=ਕਲਿਆਣ ਕੀਤੀ ਕੰਸ ਦੀ। ਮੱਥਰਾ ਦਾ ਰਾਜ ਉਗ੍ਰਸੈਣ ਜੀ ਨੂੰ ਦਿਤਾ। ਕਲਿਜੁਗਿ ਪ੍ਰਮਾਣੁ ਨਾਨਾਕ ਗੁਰੁ ਅੰਗਦੁ ਅਮਰੁਕਹਾਇਓ॥

ਸਤਿਗੁਰੂ ਨਾਨਕ ਦੇਵ ਜੀ:- ਪਿਛਲਿਆਂ ਜੁਗਾਂ ਵਾਂਗ ਪ੍ਰਮਾਣ =ਪਰਤੱਖ ਕਲਜੁਗ ਵਿਚ ਆਪ ਜੀ = ਗੁਰੂ ਨਾਨਕ , ਗੁਰੂ ਅੰਗਦ ਅਤੇ ਗੁਰੂ ਅਮਰਦਾਸ ਨਾਮੁ ਕਹਾਏ ਹੋ।ਹੁਣ ਆਪਾਂ ਤੁਹਾਡੀ ਹੋਰ ਤਸੱਲੀਬਖਸ਼ ਲਈ ਪੰਚਮ ਪਿਤਾ ਜੀ ਨੂੰ ਪੁਛਦੇ ਹਾਂ। ਸ੍ਰੀ ਰਾਮ ਚੰਦ੍ਰ ਜਿਸੁ ਰੂਪੁ ਨ ਰੇਖਿਆ॥ ਬਨਵਾਲੀ ਚਕ੍ਰਪਾਣਿ ਦਰਸਿ ਅਨੂਪਿਆ॥

ਸਹਸ ਨੇਤ੍ਰ ਮੂਰਤਿ ਹੈ ਸਹਸਾ ਇਕੁ ਦਾਤਾ ਸਭ ਹੈ ਮੰਗਾ॥੪॥ ਮਾਰੂ ਮਹਲਾ ੫ {ਪੰਨਾ ੧੦੮੨}

ਅਰਥ: ਜਿਸ ਪਰਮਾਤਮਾਂ ਦਾ ਕੋਈ ਰੂਪ ਰੇਖਾ ਨਹੀਂ ਹੈ। ਉਹ ਆਪ ਹੀ ਰਾਮ ਚੰਦ੍ਰ ਰੂਪ ਹੋ ਕੇ ਆਇਆ। ਬਨਵਾਲੀ=ਸੰਸਾਰ ਰੂਪੀ ਬਨ ਦਾ ਵਾਲੀ =ਮਾਲਕ, ਬਾਗ ਦਾ ਮਾਲੀ, ਸੁਦਰਸ਼ਨ ਚੱਕਰ ਨੂੰ ਧਾਰਨ ਕਰਕੇ, ਚਕ੍ਰਪਾਣ ਨਾਮ ਪੈਗਿਆ ਪ੍ਰਮਾਤਮਾ ਦਾ। ਵੈਰਾਟ ਰੂਪ ਹੋਣ ਕਰਕੇ ਉਸ ਦੇ ਹਜ਼ਾਰਾਂ ਨੇਤਰ ਹਨ, ਹਜ਼ਾਰਾਂ ਮੂਰਤੀਆਂ ਹਨ, ਪਰਮੇਸ਼ਰ ਇਕ ਦਾਤਾ ਹੈ।

ਬਾਕੀ ਸਭ ਚੌਰਾਸੀ ਲੱਖ ਜੂਨਾਂ ਉਸ ਦੇ ਅਗੇ ਹਥ ਪਸਾਰ ਕੇ ਮੰਗਦੇ ਹਨ। ਨੋਟ: ਕਈ ਗੁਰਮੁਖ ਪਿਆਰੇ ਸੰਕਾ ਕਰਨਗੇ ਕੇ ਭੱਟਾਂ ਦੀ ਬਾਣੀ ਹੈ। ਤੁਹਾਡੀ ਤਸੱਲੀ ਲਈ ਮਾਰੂ ਮਹਲਾ ੫॥ {ਪੰਨਾ ੧੦੮੨} ਤੇ ਰਾਮ ਚੰਦ੍ਰ ਜੀ ਦੀ ਸਿਫਤ ਗੁਰੂ ਅਰਜਨ ਦੇਵ ਜੀ ਨੇਂ ਕੀਤੀ ਹੈ। ਗੁਰੂ ਗ੍ਰੰਥ ਸਾਹਿਬ ਅੰਦਰ ਬਹੁਤ ਪ੍ਰਮਾਣ ਹਨ। ਜੋ ਇਕੋ ਜੋਤ ਲਿਖਦੇ ਹਨ, ਨਰਸਿੰਘ ਅਵਤਾਰ, ਰਾਮ ਚੰਦ੍ਰ ਜੀ, ਬਾਵਨ ਅਵਤਾਰ, ਕ੍ਰਿਸ਼ਨ ਭਗਵਾਨ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਤਕ ਅੱਗੇ ਨਿਹ ਕਲੰਕ ਆਏਗਾ। ਕਲਜੁਗ ਦੇ ਸਮੇਂ ਵਿਚ ਜਿਸ ਵੇਲੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਗੁਆਲੀਅਰ ਦੇ ਕਿਲੇ ਵਿਚ 52 ਰਾਜਿਆਂ ਨੂੰ ਰਿਹਾ ਕਰਾਕੇ ਆਏ ਸਨ, ਉਸ ਦਿਨ ਤੋਂ ਇਹਨਾਂ ਦਾ ਨਾਮੁ=ਬੰਦੀ ਛੋਡ ਪੈ ਗਿਆ। ਅਤੇ ਮਜ਼ਲੋਂ ਮਜ਼ਲੀ ਅੰਮ੍ਰਿਤਸਰ ਪਹੁੰਚੇ ਤਾਂ ਸਾਰੀ ਗੁਰੂ ਕੀ ਨਗਰੀ ਵਾਲਿਆਂ ਨੇਂ ਖੁਸ਼ੀਆਂ ਮਨਾਈਆਂ ਅਤੇ ਬਾਬਾ ਬੁਢਾ ਜੀ ਨੇਂ ਦਰਬਾਰ ਸਾਹਿਬ ਅਤੇ ਸਰੋਵਰ ਦੀਆਂ ਪ੍ਰਕਮਾਂ ਵਿਚ ਦੀਪ ਮਾਲਾ ਕੀਤੀ ਸੀ। ਉਸ ਦਿਨ ਤੋਂ ਸਿਖ ਸੰਗਤਾਂ ਵਿਚ ਇਹ ਦੀਵਾਲੀ ਪ੍ਰਮੇਸਵਰ ਸਰੂਪ ਬੰਦੀ ਛੋਡ ਦੇ ਨਾਮ ਨਾਲ ਪ੍ਰਸਿੱਧ ਹੋਈ। ਸਿਖ ਜਗਤ ਨੂੰ ਅਤੇ ਸਾਰੇ ਭਾਰਤ ਵਾਸੀਆਂ ਨੂੰ ਦਾਸ=ਕੀਟ ਵਲੋਂ ਦੀਵਾਲੀ ਮੁਬਾਰਕ ਹੋਵੇ ਜੀ।

ਦਾਸ=ਹੋਈਆਂ ਭੁਲਾਂ ਦੀ ਮਾਫੀ ਚਾਉਂਦਾ ਹਾਂ ਜੀ।

# ਪਾਣੀਆਂ ਦੇ ਮੁੱਦੇ ਉੱਤੇ ਪਿਛਲੀਆਂ ਭੁੱਲਾਂ ਸੁਧਾਰਨ ਦਾ ਮੌਕਾ ਇਹੀ ਹੈ, ਜੇ ਸੁਧਾਰ ਲਈਆਂ ਜਾਣ ਤਾਂ...

ਜਤਿੰਦਰ ਪਨੂੰ ਦੀ ਕਲਮ ਤੋਂ

ਪੰਜਾਬ ਵਿੱਚੋਂ ਕੱਢ ਕੇ ਵੱਖਰਾ ਰਾਜ ਹਰਿਆਣਾ ਸਾਲ 1966 ਵਿੱਚ ਬਣਾਇਆ ਗਿਆ ਸੀ ਤੇ ਉਸ ਵੇਲੇ ਤੋਂ ਇਨ੍ਹਾਂ ਦੋਵਾਂ ਰਾਜਾਂ ਵਿੱਚ ਦਰਿਆਈ ਪਾਣੀਆਂ ਦੇ ਮੁੱਦੇ ਤੋਂ ਖਿੱਚੋਤਾਣ ਚੱਲੀ ਰਹੀ ਹੈ। ਬੀਤਿਆ ਚੌਦਾਂ ਅਕਤੂਬਰ ਇਸ ਮਾਮਲੇ ਵਿੱਚ ਇੱਕ ਨਵੇਂ ਮੋੜ ਦਾ ਪ੍ਰਤੀਕ ਬਣ ਗਿਆ, ਜਿਸ ਦਿਨ ਪੰਜਾਬ ਤੇ ਹਰਿਆਣੇ ਦੇ ਮੁੱਖ ਮੰਤਰੀਆਂ ਵਿਚਾਲੇ ਬੈਠਕ ਹੋਈ ਤੇ ਇਹ ਬੈਠਕ ਆਮ ਨਾ ਰਹਿ ਕੇ ਖਾਸ ਹੋ ਗਈ। ਪਿਛਲੇ ਸਮੇਂ ਵਿੱਚ ਦੋਵਾਂ ਰਾਜਾਂ ਦੇ ਮੁੱਖ ਮੰਤਰੀਆਂ ਅਤੇ ਅਧਿਕਾਰੀਆਂ ਵਿਚਾਲੇ ਜਿੰਨੀਆਂ ਵੀ ਬੈਠਕਾਂ ਹੋਈਆਂ ਸਨ, ਉਨ੍ਹਾਂ ਦੌਰਾਨ ਅੰਦਰ ਕੀ ਹੁੰਦਾ ਰਿਹਾ, ਬੁੱਕਲ ਵਿੱਚ ਗੁੜ ਦੀ ਰੋੜੀ ਭੰਨਣ ਵਾਂਗ ਗੁਪਤ ਜਿਹਾ ਹੁੰਦਾ ਸੀ ਤੇ ਸਾਰੇ ਵੇਰਵੇ ਬਾਹਰ ਨਹੀਂ ਸੀ ਆਉਂਦੇ। ਇਸ ਵਾਰ ਦੀ ਮੀਟਿੰਗ ਮਗਰੋਂ ਦੋਵਾਂ ਰਾਜਾਂ ਦੇ ਮੁੱਖ ਮੰਤਰੀਆਂ ਨੇ ਖੜੇ ਪੈਰ ਮੀਡੀਏ ਕੋਲ ਸਾਰੇ ਵੇਰਵੇ ਏਦਾਂ ਪੇਸ਼ ਕਰ ਦਿੱਤੇ, ਜਿਵੇਂ ਅੰਦਰ ਕੀਤੀ ਗਈ ਗੱਲਬਾਤ ਦੇ ਜੋਤਰੇ ਦੀ ਦੋਹਰ ਪਾ ਰਹੇ ਹੋਣ। ਕਿਸੇ ਹੋਰ ਦੇ ਲਈ ਅੰਦਾਜ਼ੇ ਲਾਉਣ ਦਾ ਕੰਮ ਹੀ ਨਹੀਂ ਸੀ ਛੱਡਿਆ। ਪੰਜਾਬ ਦੇ ਪਿਛਲੇ ਸਭ ਮੁੱਖ ਮੰਤਰੀ ਏਦਾਂ ਦੀਆਂ ਮੀਟਿੰਗਾਂ ਵਿੱਚ ਜਿਸ ਢੰਗ ਨਾਲ ਮੁੱਦਾ ਪੇਸ਼ ਕਰਦੇ ਰਹੇ ਸਨ, ਉਹ ਸਭ ਪਿੱਛੇ ਰਹਿ ਗਿਆ ਤੇ ਨਵੇਂ ਮੁੱਖ ਮੰਤਰੀ ਨੇ ਪੰਜਾਬ ਦਾ ਪੱਖ ਇਸ ਤਰ੍ਹਾਂ ਪੇਸ਼ ਕੀਤਾ, ਜਿੱਦਾਂ ਕਦੇ ਹੋਇਆ ਹੀ ਨਹੀਂ ਸੀ।

ਹਰਿਆਣੇ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦਾ ਸਾਰਾ ਜ਼ੋਰ ਇਸ ਗੱਲ ਉੱਤੇ ਰਿਹਾ ਕਿ ਸੁਪਰੀਮ ਕੋਰਟ ਵੱਲੋਂ ਨਹਿਰ ਬਣਾਉਣ ਨੂੰ ਕਿਹਾ ਜਾ ਚੁੱਕਾ ਹੋਣ ਕਾਰਨ ਪਾਣੀ ਦੀ ਵੰਡ ਦਾ ਮੁੱਦਾ ਪਿੱਛੋਂ ਵਿਚਾਰ ਲਿਆ ਜਾਵੇਗਾ, ਨਹਿਰ ਵਾਲਾ ਮੁੱਦਾ ਪਹਿਲਾਂ ਸਿਰੇ ਲਾ ਲਿਆ ਜਾਵੇ। ਪੰਜਾਬ ਦੇ ਮੁੱਖ ਮੰਤਰੀ ਦੀ ਸਿੱਧੀ ਦਲੀਲ ਇਹੋ ਸੀ ਕਿ ਨਹਿਰ ਤਦੇ ਬਣਾਈਏ, ਜੇ ਪਾਣੀ ਵਗਣਾ ਹੋਵੇ, ਪੰਜਾਬ ਕੋਲ ਜਦੋਂ ਵਾਧੂ ਪਾਣੀ ਹੀ ਨਹੀਂ ਤਾਂ ਨਹਿਰ ਬਣਾਉਣ ਦੀ ਲੋੜ ਨਹੀਂ ਰਹਿੰਦੀ। ਇਹ ਗੱਲ ਨਵੀਂ ਨਹੀਂ ਸੀ, ਪੰਜਾਬ ਦੇ ਪਿਛਲੇ ਮੁੱਖ ਮੰਤਰੀਆਂ ਨੇ ਵੀ ਕਈ ਵਾਰੀ ਕਹੀ ਹੋਈ ਸੀ। ਸਮੱਸਿਆ ਦੇ ਮੁੱਢਲੇ ਸਾਲਾਂ ਵਿੱਚ ਉਹ ਨਹੀਂ ਸਨ ਕਹਿੰਦੇ, ਸੁਪਰੀਮ ਕੋਰਟ ਦੇ ਫੈਸਲੇ ਦੀਆਂ ਸੱਟਾਂ ਖਾਣ ਪਿੱਛੋਂ ਕਹਿਣ ਲੱਗੇ ਸਨ। ਪੰਜਾਬ ਦੇ ਅਜੋਕੇ ਮੁੱਖ ਮੰਤਰੀ ਨੇ ਇਹ ਗੱਲ ਕਹਿਣ ਵੇਲੇ ਮਸਲੇ ਦੀ ਜੜ੍ਹ ਪੰਜਾਬ ਤੋਂ ਵੱਖਰਾ ਹਰਿਆਣਾ ਬਣਾਉਣ ਨਾਲ ਜਾ ਜੋੜੀ ਤੇ ਫਿਰ ਉਹ ਗੱਲਾਂ ਛੇੜ ਦਿੱਤੀਆਂ, ਜਿਨ੍ਹਾਂ ਦੀ ਮੀਡੀਏ ਵਿੱਚ ਵੀ ਇਸ ਤੋਂ ਪਹਿਲਾਂ ਕਦੇ ਚਰਚਾ ਨਹੀਂ ਸੀ ਹੋਈ।

## ਸਾਂਝੇ ਪੰਜਾਬ ਦੇ ਸਾਰੇ ਦਰਿਆਵਾਂ ਦਾ ਪਾਣੀ ਗਿਣਿਆ ਜਾਣਾ ਚਾਹੀਦਾ ਸੀ

ਮੁੱਖ ਮੰਤਰੀ ਭਗਵੰਤ ਮਾਨ ਨੇ ਪਹਿਲੀ ਗੱਲ ਇਹ ਕਹਿ ਦਿੱਤੀ ਕਿ ਜਦੋਂ ਪੰਜਾਬ ਤੇ ਹਰਿਆਣਾ ਵਿਚਾਲੇ ਪਾਣੀ ਦੀ ਵੰਡ ਕੀਤੀ ਜਾਣ ਲੱਗੀ ਸੀ, ਓਦੋਂ ਸਾਂਝੇ ਪੰਜਾਬ ਦੇ ਸਾਰੇ ਦਰਿਆਵਾਂ ਦਾ ਪਾਣੀ ਗਿਣਿਆ ਜਾਣਾ ਚਾਹੀਦਾ ਸੀ, ਪਰ ਸਾਡੇ ਵਾਲੇ ਪਾਸੇ ਦੇ ਸਤਲੁਜ, ਬਿਆਸ ਅਤੇ ਰਾਵੀ ਗਿਣ ਕੇ ਯਮਨਾ ਗਿਣਿਆ ਹੀ ਨਹੀਂ ਗਿਆ। ਅਸਲ ਵਿੱਚ ਯਮਨਾ ਦਰਿਆ ਓਦੋਂ ਸਾਂਝੇ ਪੰਜਾਬ ਵਿੱਚ ਵਗਦਾ ਸੀ, ਜਿਹੜਾ ਅੱਜ ਵੀ ਸਾਂਝੇ ਪੰਜਾਬ ਤੋਂ ਕੱਟ ਕੇ ਵੱਖਰੇ ਬਣਾਏ ਹਰਿਆਣੇ ਵਿੱਚ ਵਗਦਾ ਹੈ, ਇਸ ਕਰ ਕੇ ਰਾਇਪੇਰੀਅਨ ਕਾਨੂੰਨ ਹੇਠ ਓਦੋਂ ਯਮਨਾ ਦਾ ਪਾਣੀਸਾਂਝੇ ਪਾਣੀਆਂ ਵਿੱਚ ਗਿਣ ਲਿਆ ਜਾਣਾ ਚਾਹੀਦਾ ਸੀ, ਪਰ ਗਿਣਿਆ ਨਹੀਂ ਸੀ ਗਿਆ। ਇਹ ਪੰਜਾਬ ਨਾਲ ਉਸ ਵੇਲੇ ਕੀਤੀ ਗਈ ਪਹਿਲੀ ਜ਼ਿਆਦਤੀ ਸੀ। ਉਸ ਦੇ ਬਾਅਦ ਐਮਰਜੈਂਸੀ ਦੌਰਾਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਪਾਣੀਆਂ ਬਾਰੇ ਜਿਹੜਾ ਹੁਕਮ ਦੇ ਦਿੱਤਾ ਅਤੇ ਪੰਜਾਬ ਦੇ ਓਦੋਂ ਦੇ ਕਾਂਗਰਸੀ ਰਾਜ-ਕਰਤਿਆਂ ਨੇ ਮੰਨ ਲਿਆ, ਉਹ ਇਸ ਰਾਜ ਨਾਲ ਦੂਸਰੀ ਜ਼ਿਆਦਤੀ ਸੀ। ਫਿਰ ਪੰਜਾਬ ਦੇ ਨਾਲ ਤੀਸਰੀ ਜ਼ਿਆਦਤੀ ਪੰਜਾਬ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਵੱਲੋਂ ਪਾਣੀ ਦੇਣ ਲਈ ਸਤਲੁਜ ਯਮਨਾ ਨਹਿਰ ਬਣਾਉਣ ਲਈ ਹਰਿਆਣੇ ਤੋਂ ਆਇਆ ਇੱਕ ਕਰੋੜ ਰੁਪਏ ਦਾ ਚੈੱਕ ਪ੍ਰਵਾਨ ਕਰਨ ਦੀ ਗਲਤੀ ਨੇ ਕਰਵਾਈ। ਉਸ ਪਿੱਛੋਂ ਅਕਾਲੀ ਦਲ ਤੇ ਜਨਤਾ ਪਾਰਟੀ ਦੀ ਸਾਂਝੀ ਸਰਕਾਰ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਉਹੀ ਨਹਿਰ ਬਣਾਉਣ ਲਈ ਹਰਿਆਣੇ ਨੂੰ ਇਹ ਚਿੱਠੀ ਲਿਖ ਦਿੱਤੀ ਕਿ ਇੱਕ ਕਰੋੜ ਥੋੜ੍ਹਾ ਹੈ, ਤਿੰਨ ਕਰੋੜ ਰੁਪਏ ਭੇਜੇ ਜਾਣ ਅਤੇ ਅੱਗੋਂ ਹਰਿਆਣੇ ਵੱਲੋਂ ਮੁੱਖ ਮੰਤਰੀ ਚੌਧਰੀ ਦੇਵੀ ਲਾਲ ਦੀ ਸਰਕਾਰ ਨੇ ਇੱਕ ਕਰੋੜ ਰੁਪਏ ਹੋਰ ਭੇਜ ਦਿੱਤੇ ਸਨ। ਉਸ ਵਕਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨੇ ਇਸ ਦਾ ਵਿਰੋਧ ਕਰ ਦਿੱਤਾ ਤਾਂ ਪੰਜਾਬ ਸਰਕਾਰ ਨੇ ਇਸ ਮੁੱਦੇ ਨੂੰ ਚੁਣੌਤੀ ਦੇਣ ਲਈ ਸੁਪਰੀਮ ਕੋਰਟ ਵਿੱਚ ਅਰਜ਼ੀ ਜਾ ਦਿੱਤੀ, ਵਰਨਾ ਗੱਲ ਦੱਬੀ ਰਹਿਣੀ ਸੀ। ਪੰਜਾਬ ਦੇ ਉਸ ਵੇਲੇ ਦੇ ਇਨ੍ਹਾਂ ਦੋ ਮੁੱਖ ਮੰਤਰੀਆਂ ਦੇ ਇਨ੍ਹਾਂ ਕਦਮਾਂ ਦੀ ਸਜ਼ਾ ਪੰਜਾਬ ਅਜੇ ਤੱਕ ਭੁਗਤ ਰਿਹਾ ਹੈ। ਕਾਂਗਰਸ ਤੇ ਅਕਾਲੀ ਦਲ ਦੇ ਜਿਹੜੇ ਆਗੂ ਅੱਜ ਰਾਇਪੇਰੀਅਨ ਕਾਨੂੰਨ ਅਨੁਸਾਰ ਮਸਲਾ ਹੱਲ ਕਰਨ ਦੀ ਦੁਹਾਈ ਪਾਉਂਦੇ ਹਨ, ਜੇ ਉਸ ਵਕਤ ਉਨ੍ਹਾਂ ਨੇ ਯਮਨਾ ਦਰਿਆ ਨੂੰ ਇਸ ਕਾਨੂੰਨ ਨਾਲ ਜੋੜਿਆ ਹੁੰਦਾ ਤਾਂ ਸਮੱਸਿਆ ਏਨੀ ਗੰਭੀਰ ਨਹੀਂ ਸੀ ਹੋਣੀ।

## ਹਰਿਆਣਾ ਕੋਲ ਪਾਣੀ ਪਹਿਲਾਂ ਹੀ ਪੰਜਾਬ ਤੋਂ ਵੱਧ ਪਾਣੀ

ਅਗਲੀ ਗੱਲ ਮੌਜੂਦਾ ਮੁੱਖ ਮੰਤਰੀ ਭਗਵੰਤ ਮਾਨ ਨੇ ਇਹ ਚੁੱਕੀ ਕਿ ਪੰਜਾਬ ਦੇ ਘੱਗਰ ਅਤੇ ਕਈ ਹੋਰ ਛੋਟੇ ਵੱਡੇ ਪਾਣੀ ਦੇ ਸਰੋਤ ਹਰਿਆਣੇ ਤੇ ਪੰਜਾਬ ਦੋਵਾਂ ਵਿੱਚੋਂ ਵਗਦੇ ਹਨ। ਉਨ੍ਹਾਂ ਦਾ ਪਾਣੀ ਵੀ ਤੇ ਹਰਿਆਣਾ ਤੋਂ ਲੰਘਦੇ ਕੁਝ ਹੋਰ ਸਰੋਤਾਂ ਦਾ ਪਾਣੀ ਵੀ ਹਰਿਆਣੇ ਨੂੰ ਮਿਲਣ ਨਾਲ ਉਸ ਕੋਲ ਪਾਣੀ ਪਹਿਲਾਂ ਹੀ ਪੰਜਾਬ ਤੋਂ ਵੱਧ ਪਾਣੀ ਹੈ, ਉਸ ਦਾ ਖੇਤੀ ਵਾਲਾ ਰਕਬਾ ਘੱਟ ਅਤੇ ਪਾਣੀ ਵੱਧ ਹੋਣ ਦੇ ਉਲਟ ਪੰਜਾਬ ਕੋਲ ਪਾਣੀ ਘੱਟ ਅਤੇ ਖੇਤੀ ਰਕਬਾ ਵੱਧ ਹੋਣ ਕਾਰਨ ਪੰਜਾਬ ਆਪਣਾ ਬੁੱਤਾ ਹੀ ਸਾਰਨ ਜੋਗਾ ਨਹੀਂ, ਹਰਿਆਣੇ ਜਾਂ ਕਿਸੇ ਹੋਰ ਨੂੰ ਪਾਣੀ ਕਿੱਥੋਂ ਦੇ ਸਕਦਾ ਹੈ? ਉਸ ਨੇ ਹਰਿਆਣੇ ਅਤੇ ਕੇਂਦਰ ਸਰਕਾਰ ਲਈ ਇਹ ਮੁੱਦਾ ਖੜਾ ਕਰ ਦਿੱਤਾ ਕਿ ਨਿਯਮਾਂ ਮੁਤਾਬਕ ਪਾਣੀ ਦੇ ਸਰੋਤਾਂ ਦੀ ਮਿਣਤੀ ਹਰ ਪੰਝੀ ਸਾਲਾਂ ਪਿੱਛੋਂ ਕੀਤੀ ਜਾਣੀ ਚਾਹੀਦੀ ਹੈ, ਪਰ ਪੰਜਾਬ ਅਤੇ ਹਰਿਆਣੇ ਵਿੱਚ ਪਾਣੀਆਂ ਦੀ ਤਾਜ਼ਾ ਮਿਣਤੀ ਦਾ ਵਿਚਾਰ ਕੀਤੇ ਬਿਨਾਂ ਇੰਦਰਾ ਗਾਂਧੀ ਵੱਲੋਂ ਦਿੱਤਾ ਸਾਲ 1981 ਦਾ ਇਕਤਾਲੀ ਸਾਲ ਪੁਰਾਣਾ ਐਵਾਰਡ ਹੀ ਠੋਸਿਆ ਜਾ ਰਿਹਾ ਹੈ। ਓਦੋਂ ਪੰਜਾਬ ਦੇ ਖੂਹਾਂ ਵਿੱਚ ਅੱਠ ਫੁੱਟ ਉੱਤੇ ਪਾਣੀ ਹੁੰਦਾ ਸੀ, ਟਿਊਬਵੈੱਲ ਮਸਾਂ ਦਸ-ਵੀਹ ਫੁੱਟੇ ਡੂੰਘੇ ਲਾਉਣੇ ਕਾਫੀ ਸਨ ਅਤੇ ਅੱਜ ਢਾਈ ਸੌ ਫੁੱਟ ਹੇਠਾਂ ਜਾ ਕੇ ਪਾਣੀ ਨਿਕਲਦਾ ਹੈ। ਦਰਿਆਵਾਂ ਵਿੱਚ ਵੀ ਪਾਣੀ ਦਾ ਵਹਿਣ ਉਸ ਵੇਲੇ ਜਿੰਨਾ ਨਹੀਂ ਰਿਹਾ ਤੇ ਜਦੋਂ ਪਾਣੀ ਦੇ ਸਰੋਤ ਸੁੱਕਦੇ ਜਾਂਦੇ ਹਨ ਤਾਂ ਕੁਝ ਨਵੇਂ ਸਰੋਤ ਲੱਭਣ ਦੀ ਲੋੜ ਹੈ, ਪੁਰਾਣਾ ਫਾਰਮੂਲਾ ਵਰਤਣ ਨਾਲ ਤਾਂ ਪੰਜਾਬ ਮਾਰੂਥਲ ਬਣ ਜਾਵੇਗਾ, ਇਸ ਪੰਜਾਬ-ਮਾਰੂ ਸੋਚ ਨੂੰ ਪ੍ਰਵਾਨ ਹੀ ਨਹੀਂ ਕੀਤਾ ਜਾ ਸਕਦਾ।

## ਸ਼ਾਰਦਾ-ਯਮਨਾ ਲਿੰਕ ਨਹਿਰ ਬਣਾ ਲੈਣ ਨਾਲ ਸਾਰਾ ਮਸਲਾ ਹੱਲ ਹੋ ਸਕਦਾ ਹੈ

ਆਖਰੀ ਗੱਲ ਇਹ ਕਿ ਪਿਛਲੇ ਵੀਹ ਸਾਲਾਂ ਤੋਂ ਇੱਕ ਗੱਲ ਉੱਤੇ ਇਨ੍ਹਾਂ ਸਤਰਾਂ ਦਾ ਲੇਖਕ ਵੀ ਤੇ ਪ੍ਰਸਿੱਧ ਵਕੀਲ ਐੱਚ ਐੱਸ ਫੂਲਕਾ ਵੀ ਜ਼ੋਰ ਦੇਂਦੇ ਰਹੇ ਸਨ, ਪਰ ਕਿਸੇ ਨੇ ਵਿਚਾਰੀ ਤੱਕ ਨਹੀਂ ਸੀ। ਸਾਡੀ ਰਾਏ ਸੀ ਕਿ ਅੜਿੱਕੇ ਵਾਲੀ 'ਐੱਸ ਵਾਈ ਐੱਲ' (ਸਤਲੁਜ-ਯਮਨਾ ਲਿੰਕ) ਨਹਿਰ ਨੂੰ ਛੱਡ ਕੇ ਦੂਸਰੀ 'ਐੱਸ ਵਾਈ ਐੱਲ' (ਸ਼ਾਰਦਾ-ਯਮਨਾ ਲਿੰਕ) ਨਹਿਰ ਬਣਾ ਲੈਣ ਨਾਲ ਸਾਰਾ ਮਸਲਾ ਹੱਲ ਹੋ ਸਕਦਾ ਹੈ। ਜਦੋਂ ਇੰਦਰਾ ਗਾਂਧੀ ਨੇ ਪੰਜਾਬ ਦੇ ਪਾਣੀ ਹਰਿਆਣਾ ਨੂੰ ਦੇਣ ਦਾ ਹੁਕਮ ਦਾਗਿਆ ਸੀ, ਉਨ੍ਹਾਂ ਦਿਨਾਂ ਵਿੱਚ ਓਸੇ ਪ੍ਰਧਾਨ ਮੰਤਰੀ ਨੇ ਭਾਰਤ ਦੇ ਕੁਝ ਦਰਿਆ ਜੋੜਨ ਦੇ ਲਈ ਇੱਕ ਸਰਵੇ ਵੀ ਕਰਾਇਆ ਸੀ, ਜਿਸ ਵਿੱਚ ਹਿਮਾਲੀਅਨ ਕੰਪੋਨੈਂਟ ਵਿੱਚ ਵਿਚਾਰੇ ਗਏ ਚੌਦਾਂ ਪ੍ਰਜੈਕਟਾਂ ਵਿੱਚ ਇਹ ਸ਼ਾਰਦਾ-ਯਮਨਾ ਪ੍ਰਾਜੈਕਟ ਪੰਜਵਾਂ ਸੀ। ਉਸ ਵੇਲੇ ਦੀ ਬਣਾਈ ਹੋਈ ਰਿਪੋਰਟ ਅਟਲ ਬਿਹਾਰੀ ਦੀ ਸਰਕਾਰ ਦੇ ਸਮੇਂ ਵਿਚਾਰਨ ਦੇ ਬਾਅਦ ਪਾਸ ਕਰ ਦਿੱਤੀ ਗਈ ਅਤੇ ਉਸ ਵਿੱਚੋਂ ਕਈ ਪ੍ਰਾਜੈਕਟਾਂ ਉੱਤੇ ਕੰਮ ਵੀ ਹੋ ਚੁੱਕਾ ਹੈ, ਪਰ ਸ਼ਾਰਦਾ-ਯਮਨਾ ਲਿੰਕ ਬਾਰੇ ਕਦੀ ਕਿਸੇ ਗੱਲ ਹੀ ਨਹੀਂ ਛੇੜੀ। ਸ਼ਾਰਦਾ-ਯਮਨਾ ਪ੍ਰਾਜੈਕਟ ਹੇਠ ਨੇਪਾਲ ਤੋਂ ਆਉਂਦੀ ਮਹਾਕਾਲੀ ਨਦੀ, ਜਿਸ ਨੂੰ ਭਾਰਤ ਵਿੱਚ ਸ਼ਾਰਦਾ ਨਦੀ ਵਜੋਂ ਜਾਣਿਆ ਜਾਂਦਾ ਹੈ, ਦਾ ਪਾਣੀ ਲਿਆ ਕੇ ਉਸ ਵਿੱਚ ਰਾਮ-ਗੰਗਾ, ਅੱਪਰ ਗੰਗਾ ਅਤੇ ਯਮਨਾ ਦੇ ਸਬ-ਬੇਸਿਨ ਦਾ ਪਾਣੀ ਜੋੜ ਕੇ ਇੱਕ ਨਹਿਰ ਬਣਾਉਣੀ ਤੇ ਸਾਰਾ ਪਾਣੀ ਯਮਨਾ ਦਰਿਆ ਵਿੱਚ ਪਾਇਆ ਜਾਣਾ ਸੀ। ਇਸ ਦੀ ਵਰਤੋਂ ਪਹਿਲਾਂ ਉੱਤਰ ਪ੍ਰਦੇਸ਼ ਵਿੱਚੋਂ ਸ਼ੁਰੂ ਹੋਣੀ ਅਤੇ ਯਮਨਾ ਵਿੱਚ ਪੈਣ ਮਗਰੋਂ ਹਰਿਆਣਾ, ਦਿੱਲੀ, ਰਾਜਸਥਾਨ ਤੇ ਗੁਜਰਾਤ ਤੱਕ ਕਰਨੀ ਸੋਚੀ ਗਈ ਸੀ। ਜਿਹੜਾ ਪ੍ਰਾਜੈਕਟ ਕਾਂਗਰਸ ਦੀ ਆਗੂ ਇੰਦਰਾ ਗਾਂਧੀ ਨੇ ਤਿਆਰ ਕਰਵਾਇਆ ਤੇ ਭਾਜਪਾ ਆਗੂ ਅਟਲ ਬਿਹਾਰੀ ਵਾਜਪਾਈ ਨੇ ਪਾਸ ਕੀਤਾ ਸੀ, ਉਸ ਨੂੰ ਨਾਂ ਕਾਂਗਰਸੀਆਂ ਨੇ ਕਦੀ ਗੌਲਿਆ ਤੇ ਨਾ ਭਾਜਪਾ ਜਾਂ ਉਨ੍ਹਾਂ ਦੇ ਸਾਥੀ ਰਹੇ ਅਕਾਲੀਆਂ ਨੇ ਵਿਚਾਰਨ ਦੀ ਲੋੜ ਸਮਝੀ। ਉਹ ਮੁੱਦਾ ਇਸ ਵਾਰੀ ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਦੀ ਮੀਟਿੰਗ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੇ ਪਹਿਲੀ ਵਾਰੀ ਉਠਾਇਆ ਅਤੇ ਕਿਹਾ ਕਿ ਪੰਜਾਬ ਤੋਂ ਪਾਣੀ ਮੰਗਣ ਦੀ ਥਾਂ ਉਸ ਪ੍ਰਾਜੈਕਟ ਉੱਤੇ ਜ਼ੋਰ ਦੇਣਾ ਸ਼ੁਰੂ ਕਰੋ, ਤੁਹਾਨੂੰ ਪਾਣੀ ਮਿਲ ਜਾਵੇਗਾ ਅਤੇ ਪੰਜਾਬ ਨਾਲ ਰੇੜਕਾ ਵੀ ਖਤਮ ਹੋ ਜਾਵੇਗਾ। ਵਿਰੋਧੀ ਧਿਰਾਂ ਦੇ ਜਿਹੜੇ ਲੀਡਰ ਅੱਜ ਰਾਇਪੇਰੀਅਨ ਸਿਧਾਂਤ ਦੀ ਗੱਲ ਕਰ ਰਹੇ ਹਨ, ਉਨ੍ਹਾਂ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਇਸ ਪ੍ਰਾਜੈਕਟ ਦੀ ਫਾਈਲ ਉਨ੍ਹਾਂ ਨੇ ਕਿਉਂ ਠੱਪ ਕਰੀ ਰੱਖੀ ਸੀ!



## ਹਰਿਆਣਾ ਸਰਕਾਰ ਨੇ ਕੌਸ਼ੱਲਿਆ ਡੈਮ ਬਣਾਇਆ ਸੀ ਤਾਂ ਪੰਜਾਬ ਨੂੰ ਪੁੱਛਿਆ ਜਾਂ ਦੱਸਿਆ ਤੱਕ ਨਹੀਂ ਸੀ

ਮੁੱਖ ਮੰਤਰੀ ਭਗਵੰਤ ਮਾਨ ਨੇ ਮੀਡੀਏ ਕੋਲ ਇਹ ਵੀ ਕਿਹਾ ਕਿ ਪੰਜਾਬ ਵਿੱਚ ਵੜਨ ਤੋਂ ਪਹਿਲਾਂ ਘੱਗਰ ਦਰਿਆ ਉੱਪਰ ਹਰਿਆਣਾ ਸਰਕਾਰ ਨੇ ਕੌਸ਼ੱਲਿਆ ਡੈਮ ਬਣਾਇਆ ਸੀ ਤਾਂ ਪੰਜਾਬ ਨੂੰ ਪੁੱਛਿਆ ਜਾਂ ਦੱਸਿਆ ਤੱਕ ਨਹੀਂ ਸੀ, ਪਰ ਪੰਜਾਬ ਵਿੱਚ ਵਗਦੇ ਦਰਿਆਵਾਂ ਉੱਤੇ ਡੈਮ ਬਣਾਇਆ ਜਾਵੇ ਤਾਂ ਹਰਿਆਣਾ ਇਤਰਾਜ਼ ਕਰਦਾ ਹੈ। ਪਿਛਲੇ ਸਮਿਆਂ ਵਿੱਚ ਪੰਜਾਬ ਦੀਆਂ ਸਰਕਾਰਾਂ ਆਪਣੇ ਇਲਾਕੇ ਵਿੱਚ ਡੈਮ ਬਣਾਉਣ ਵੇਲੇ ਵੀ ਹਰਿਆਣਾ ਕੋਲੋਂ ਨੋ-ਆਬਜੈਕਸ਼ਨ ਮੰਗਦੀਆਂ ਰਹੀਆਂ ਹਨ, ਪਰ ਹਿਮਾਚਲ ਪ੍ਰਦੇਸ਼ ਨੇ ਪੰਜਾਬ ਵੱਲ ਆਉਂਦੇ ਦਰਿਆਵਾਂ ਉੱਤੇ ਡੈਮ ਬਣਾਏ ਤਾਂ ਪੰਜਾਬ ਸਰਕਾਰ ਕੋਲੋਂ ਕਦੇ ਨੋ-ਆਬਜੈਕਸ਼ਨ ਮੰਗਿਆ ਹੀ ਨਹੀਂ ਸੀ ਤੇ ਪੰਜਾਬ ਨੇ ਵੀ ਕਦੀ ਇਤਰਾਜ਼ ਨਹੀਂ ਸੀ ਕੀਤਾ। ਸਿੱਟਾ ਇਹ ਨਿਕਲਿਆ ਕਿ ਜਦੋਂ ਪੰਜਾਬ ਨੂੰ ਪਾਣੀ ਦੀ ਲੋੜ ਹੁੰਦੀ ਹੈ ਤਾਂ ਪਾਣੀ ਉਨ੍ਹਾਂ ਡੈਮਾਂ ਵਿੱਚ ਰੋਕਿਆ ਹੁੰਦਾ ਹੈ ਅਤੇ ਬਰਸਾਤਾਂ ਦੌਰਾਨ ਜਦੋਂ ਪੰਜਾਬ ਨੂੰ ਪਾਣੀ ਦੀ ਮਾਰ ਪੈਂਦੀ ਹੈ, ਓਦੋਂ ਉਨ੍ਹਾਂ ਉਤਲੇ ਡੈਮਾਂ ਦਾ ਪਾਣੀ ਛੱਡ ਦੇਣ ਨਾਲ ਭਾਖੜਾ ਡੈਮ ਦੇ ਦਰ ਖੋਲ੍ਹਣੇ ਪੈ ਜਾਂਦੇ ਹਨ ਤੇ ਪੰਜਾਬ ਵਿੱਚ ਹੜ੍ਹਾਂ ਦਾ ਖਤਰਾ ਵਧ ਜਾਂਦਾ ਹੈ। ਇਹ ਮਸਲਾ ਪੰਜਾਬ ਦੀਆਂ ਪਿਛਲੀਆਂ ਸਰਕਾਰਾਂ ਨੇ ਕਦੀ ਕਿਸੇ ਪੱਧਰ ਉੱਤੇ ਓਨੇ ਜ਼ੋਰ ਨਾਲ ਚੁੱਕਿਆ ਹੀ ਨਹੀਂ, ਜਿੱਦਾਂ ਚੁੱਕਿਆ ਜਾਣਾ ਚਾਹੀਦਾ ਸੀ।

## ਪੰਜਾਬ ਦੀ ਕਿਸੇ ਸਰਕਾਰ ਨੇ ਪੰਜਾਬ ਦਾ ਕੇਸ ਹੀ ਠੀਕ ਤਰ੍ਹਾਂ ਪੇਸ਼ ਨਹੀਂ ਸੀ ਕੀਤਾ

ਅਸਲ ਗੱਲ ਇਹ ਹੈ ਕਿ ਪੰਜਾਬ ਇਸ ਵੇਲੇ ਸੁਪਰੀਮ ਕੋਰਟ ਦੇ ਫੈਸਲਿਆਂ ਦੀਆਂ ਸੱਟਾਂ ਨਾਲ ਦੁਖੀ ਹੈ ਅਤੇ ਇਸ ਦਾ ਕਾਰਨ ਇਹ ਹੈ ਕਿ ਪੰਜਾਬ ਦੀ ਕਿਸੇ ਸਰਕਾਰ ਨੇ ਪੰਜਾਬ ਦਾ ਕੇਸ ਹੀ ਠੀਕ ਤਰ੍ਹਾਂ ਪੇਸ਼ ਨਹੀਂ ਸੀ ਕੀਤਾ। ਹਰਿਆਣਾ ਰਾਜ ਬਣਾਏ ਜਾਣ ਸਮੇਂ ਰਾਇਪੇਰੀਅਨ ਸਿਧਾਂਤ ਅਨੁਸਾਰ ਯਮਨਾ ਦਰਿਆ ਸਾਂਝੇ ਪੰਜਾਬ ਦਾ ਹਿੱਸਾ ਹੋਣ ਕਾਰਨ ਪਾਣੀਆਂ ਬਾਰੇ ਵੰਡ ਵਿੱਚ ਉਸ ਨੂੰ ਗਿਣਿਆ ਨਹੀਂ ਗਿਆ ਤਾਂ ਇਹ ਸੁਪਰੀਮ ਕੋਰਟ ਨੂੰ ਦੱਸਿਆ ਜਾਣਾ ਸੀ। ਇਹ ਮੁੱਦਾ ਭਾਰਤ ਦੀ ਸਭ ਤੋਂ ਵੱਡੀ ਅਦਾਲਤ ਅੱਗੇ ਠੀਕ ਤਰ੍ਹਾਂ ਪੇਸ਼ ਕੀਤਾ ਜਾਂਦਾ ਤਾਂ ਸੁਪਰੀਮ ਕੋਰਟ ਇਸ ਪੱਖ ਨੂੰ ਕਦੀ ਵੀ ਵਿਚਾਰਨ ਬਿਨਾਂ ਅਣਗੌਲਿਆ ਨਹੀਂ ਸੀ ਕਰ ਸਕਦੀ। ਸ਼ੁਕਰ ਹੈ ਕਿ ਪਹਿਲੀ ਵਾਰੀ ਪੰਜਾਬ ਦਾ ਪੱਖ ਕਿਸੇ ਨੇ ਠੀਕ ਤਰ੍ਹਾਂ ਪੇਸ਼ ਕੀਤਾ ਹੈ, ਪਰ ਏਨਾ ਕਰਨਾ ਕਾਫੀ ਨਹੀਂ, ਅੱਗੋਂ ਇਹ ਕੇਸ ਏਸੇ ਪ੍ਰਸੰਗ ਵਿੱਚ ਸੁਪਰੀਮ ਕੋਰਟ ਵਿੱਚ ਰੱਖਣਾ ਅਤੇ ਬੀਤੇ ਸਮੇਂ ਵਿੱਚ ਹੋਏ ਫੈਸਲਿਆਂ ਦੇ ਪੁਨਰ-ਵਿਚਾਰ ਦੀ ਅਪੀਲ ਕੀਤੀ ਜਾਣੀ ਚਾਹੀਦੀ ਹੈ। ਉਸ ਅਪੀਲ ਵਿੱਚ ਯਮਨਾ ਦੇ ਪਾਣੀਆਂ ਦੀ ਗੱਲ ਇਕੱਲੀ ਨਹੀਂ, ਇਹ ਸਵਾਲ ਵੀ ਉਠਾਇਆ ਜਾਣਾ ਚਾਹੀਦਾ ਹੈ ਕਿ ਜਦੋਂ ਵਾਜਪਾਈ ਸਰਕਾਰ ਦੇ ਪਾਸ ਕੀਤੇ ਪ੍ਰਾਜੈਕਟਾਂ ਵਿੱਚੋਂ ਅੱਧੇ ਤੋਂ ਵੱਧ ਅਮਲ ਵਿੱਚ ਲਾਗੂ ਕਰ ਦਿੱਤੇ ਗਏ ਸਨ ਤਾਂ ਇਹ ਹੀ ਪ੍ਰਾਜੈਕਟ ਠੰਢੇ ਬਸਤੇ ਵਿੱਚ ਪਾ ਕੇ ਲੁਕਾਇਆ ਕਿਉਂ ਗਿਆ ਸੀ? ਇਹੀ ਨਹੀਂ, ਸੁਪਰੀਮ ਕੋਰਟ ਨੂੰ ਇਹ ਵੀ ਅਰਜ਼ ਕੀਤੀ ਜਾਣੀ ਚਾਹੀਦੀ ਹੈ ਕਿ ਪੰਜਾਬ ਦੇ ਪਾਣੀਆਂ ਦੇ ਸਰੋਤਾਂ ਦੀ ਨਵੇਂ ਸਿਰਿਉਂ ਮਿਣਤੀ ਕਰਾਉਣ ਤੋਂ ਪਹਿਲਾਂ ਕੋਈ ਫਤਵਾ ਨਾ ਦਿੱਤਾ ਜਾਵੇ ਤੇ ਇਸ ਵਾਰੀ ਇਹ ਕੇਸ ਦਿਲੋਂ ਪੇਸ਼ ਕੀਤਾ ਜਾਣਾ ਚਾਹੀਦਾ ਹੈ, ਉਸ ਤਰ੍ਹਾਂ ਰਸਮੀ ਕਾਰਵਾਈ ਨਹੀਂ ਹੋਣੀ ਚਾਹੀਦੀ, ਜਿਵੇਂ ਪਹਿਲਾਂ ਹਰ ਵਾਰ ਹੁੰਦੀ ਰਹੀ ਹੈ। ਪਿਛਲੀਆਂ ਭੁੱਲਾਂ ਸੁਧਾਰਨ ਦਾ ਮੌਕਾ ਇਹੀ ਜਾਪਦਾ ਹੈ, ਜੇ ਸੁਧਾਰ ਲਈਆਂ ਜਾਣ ਤਾਂ...!



# ਅੰਮ੍ਰਿਤਸਰ ਦੀ ਦੀਵਾਲੀ ਦੀ ਵਿਲੱਖਣਤਾ

-ਰੂਪ ਸਿੰਘ-

ਚੌਥੇ ਪਾਤਸ਼ਾਹ ਗੁਰੂ ਰਾਮਦਾਸ ਦੇ ਵਰੋਸਾਏ ਇਤਿਹਾਸਕ ਸ਼ਹਿਰ ਅੰਮ੍ਰਿਤਸਰ ਦੀ ਆਪਣੀ ਮਹੱਤਤਾ, ਸ਼ਾਨ ਤੇ ਇਤਿਹਾਸਕ ਗੌਰਵ ਹੈ। ਏਸ਼ੀਆ ਮਹਾਂਦੀਪ ਦੇ ਪ੍ਰਮੁੱਖ ਧਾਰਮਿਕ-ਇਤਿਹਾਸਕ ਸ਼ਹਿਰ ਅੰਮ੍ਰਿਤਸਰ ਨੂੰ ਪੰਜਾਬ ਦਾ ਦਿਲ ਤੇ ਗੁਰਸਿੱਖਾਂ ਦੀ ਜਿੰਦ-ਜਾਨ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਅੰਮ੍ਰਿਤਸਰ ਸਿੱਖ ਧਰਮ ਦਾ ਕੇਂਦਰੀ ਸਥਾਨ, ਸਿੱਖ ਵਿਸ਼ਵਾਸਾਂ ਦਾ ਧੁਰਾ ਤੇ ਸਿੱਖ ਪ੍ਰੰਪਰਾਵਾਂ ਤੇ ਸਿੱਖ ਗੌਰਵ ਦੀ ਜੀਉਂਦੀ ਜਾਗਦੀ ਮਿਸਾਲ ਹੈ।

ਗੁਰੂ ਰਾਮਦਾਸ ਜੀ ਨੇ ਅੰਮ੍ਰਿਤ ਸਰੋਵਰ ਦੀ ਸ਼ੁਰੂਆਤ ਕਰਾਈ ਤੇ ਗੁਰੂ ਅਰਜਨ ਦੇਵ ਜੀ ਨੇ ਇਸ ਸਰੋਵਰ ਨੂੰ ਸੰਪੂਰਨ ਤੇ ਪੱਕਾ ਕਰ ਕੇ ਵਿਚਕਾਰ 'ਹਰਿਮੰਦਰ' ਦਾ ਨਿਰਮਾਣ ਕਰਵਾਇਆ। ਅੰਮ੍ਰਿਤ ਸਰੋਵਰ ਅਤੇ ਹਰਿਮੰਦਰ ਦੀ ਸਿਰਜਣਾ ਦਾ ਉਦੇਸ਼ ਚਹੁੰ ਵਰਨਾਂ ਨੂੰ ਸਾਂਝੀਵਾਲਤਾ ਦਾ ਉਪਦੇਸ਼ ਦੇਣਾ ਸੀ। ਹਰਿਮੰਦਰ ਦੀ ਸਿਰਜਣਾ ਅਤੇ ਇਮਾਰਤ ਕਲਾ ਅਲੌਕਿਕ, ਅਨੂਠੀ ਤੇ ਵਿਲੱਖਣ ਹੈ। ਇਸੇ ਲਈ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਇਸ ਦੇ ਅਦੁੱਤੀ ਹੋਣ ਬਾਰੇ ਫੁਰਮਾਨ ਕਰਦੇ ਹਨ:

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥
ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ (ਪੰਨਾ 1362)

1604 ਨੂੰ ਗੁਰੂ ਅਰਜਨ ਦੇਵ ਜੀ ਨੇ ਆਦਿ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਤਿਆਰ ਕਰਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਕੀਤਾ ਤੇ ਬਾਬਾ ਬੁੱਢਾ ਜੀ ਨੂੰ ਹਰਿਮੰਦਰ ਸਾਹਿਬ ਦੇ ਪਹਿਲੇ ਗ੍ਰੰਥੀ ਥਾਪਿਆ। ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ ਸਿੱਖ ਧਰਮ ਦੇ ਕੇਂਦਰੀ ਅਸਥਾਨ ਦਾ ਨਿਰਮਾਣ ਕਰ ਕੇ ਅਤੇ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਤਿਆਰ ਕਰਕੇ ਸਿੱਖ ਧਰਮ ਨੂੰ ਪੱਕੇ ਪੈਰੀਂ ਕਰ ਦਿੱਤਾ। ਧਰਮ ਪ੍ਰਚਾਰ ਪ੍ਰਸਾਰ ਹਿੱਤ ਗੁਰੂ ਅਰਜਨ ਦੇਵ ਜੀ ਵੱਲੋਂ ਕੀਤੇ ਕਾਰਜਾਂ ਕਰਕੇ ਸਿੱਖ ਧਰਮ ਦਾ ਪ੍ਰਚਾਰ ਤੇ ਪਸਾਰ ਖੇਤਰ ਬਹੁਤ ਵਧ ਗਿਆ। ਸਿੱਖਾਂ ਦੀ ਆਪਣੀ ਹੋਂਦ ਤੇ ਹਸਤੀ ਪ੍ਰਤੱਖ ਦਿਖਾਈ ਦੇਣ ਲੱਗੀ। ਸਰਬ ਸਾਂਝੇ ਧਰਮ ਮੰਦਰ ਦੀ ਉਸਾਰੀ ਤੇ ਸਰਬ-ਸਾਂਝੀਵਾਲਤਾ ਦਾ ਉਪਦੇਸ਼ ਦੇਣ ਵਾਲੇ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਪ੍ਰਕਾਸ਼ ਹੋ ਜਾਣ ਨਾਲ ਬਹੁਤ ਸਾਰੇ ਹਿੰਦੂ, ਮੁਸਲਮਾਨ ਗੁਰੂ ਘਰ ਵੱਲ ਪ੍ਰੇਰਿਤ ਹੋਏ।

ਹਰ ਸਿੱਖ ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਕਰਨੇ ਲੋਚਦਾ ਹੈ। ਹਰਿਮੰਦਰ ਸਾਹਿਬ ਕਿਸੇ ਵਿਅਕਤੀ ਵਿਸ਼ੇਸ਼ ਦੀ ਮਹਾਨਤਾ ਨੂੰ ਨਹੀਂ ਪ੍ਰਗਟਾਉਂਦਾ, ਸਗੋਂ ਇਹ ਪਰਮਾਤਮਾ ਦੀ ਏਕਤਾ, ਮਨੁੱਖੀ ਬਰਾਬਰਤਾ, ਸਰਬ-ਸਾਂਝੀਵਾਲਤਾ ਦਾ ਉਪਦੇਸ਼ ਸਮੁੱਚੀ ਮਾਨਵਤਾ ਨੂੰ ਦੇਂਦਾ ਹੈ। ਸ੍ਰੀ ਹਰਿਮੰਦਰ ਸਾਹਿਬ ਵਿੱਚ ਸਤਿਗੁਰਾਂ ਦੇ ਗੁਰਪੁਰਬ, ਗੁਰਗੱਦੀ ਦਿਵਸ, ਜੋਤੀ ਜੋਤ ਸਮਾਉਣ ਦੇ ਦਿਹਾੜੇ, ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਦਿਵਸ ਤੇ ਗੁਰਗੱਦੀ ਦਿਵਸ ਮਨਾਏ ਜਾਂਦੇ ਹਨ। ਇਨ੍ਹਾਂ ਇਤਿਹਾਸਕ ਗੁਰਪੁਰਬਾਂ ਤੋਂ ਇਲਾਵਾ ਸ੍ਰੀ ਹਰਿਮੰਦਰ ਸਾਹਿਬ ਵਿੱਚ ਖਾਲਸੇ ਦਾ ਸਾਜਨਾ ਦਿਵਸ ਵਿਸਾਖੀ ਅਤੇ ਦੀਵਾਲੀ ਦਾ ਦਿਨ 'ਬੰਦੀ ਛੋੜ ਦਿਵਸ' ਦੇ ਰੂਪ ਵਿੱਚ ਪੰਥਕ ਤੌਰ 'ਤੇ ਮਨਾਇਆ ਜਾਂਦਾ ਹੈ।

'ਦੀਪਾਵਲੀ' ਸੰਸਕ੍ਰਿਤ ਮੂਲ ਦਾ ਸ਼ਬਦ ਹੈ, ਜਿਸ ਦਾ ਅਰਥ ਹੈ ਦੀਵੇ ਜਗਾਉਣੇ, ਚਾਨਣ ਕਰਨਾ। ਇਹ ਚਾਨਣ ਕਿਸੇ ਖਾਸ ਖੁਸ਼ੀ ਦਾ ਪ੍ਰਗਟਾਵਾ ਕਰਦਾ ਹੈ। ਦੂਜੇ ਧਰਮਾਂ ਵਿੱਚ ਦੀਵਾਲੀ ਦੀਪ-ਪੂਜਾ ਤੇ ਲਕਸ਼ਮੀ-ਪੂਜਾ ਦੇ ਰੂਪ ਵਿੱਚ ਮਨਾਈ ਜਾਂਦੀ ਹੈ, ਪਰ ਸਿੱਖ ਇਹ ਦਿਹਾੜਾ ਆਪਣੇ ਗੌਰਵਮਈ ਵਿਰਸੇ ਨੂੰ ਯਾਦ ਕਰਨ ਲਈ ਮਨਾਉਂਦੇ ਹਨ। ਸਿੱਖ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅੰਮ੍ਰਿਤਸਰ ਆਗਮਨ ਦੀ ਖੁਸ਼ੀ ਵਿੱਚ ਦੀਵੇ ਜਗਾਉਂਦੇ ਹਨ, ਰੌਸ਼ਨੀ ਕਰਦੇ ਤੇ ਆਪਣੇ ਸਤਿਗੁਰੂ ਨੂੰ ਸਤਿਕਾਰ ਭੇਟ ਕਰਦੇ ਹਨ। ਸਿੱਖਾਂ ਨੇ ਦੀਵਾਲੀ ਵਾਲੇ ਦਿਨ ਨੂੰ ਬੰਦੀ ਛੋੜ ਦਿਵਸ ਵਜੋਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਮਨਾਉਣਾ ਸ਼ੁਰੂ ਕਰ ਦਿੱਤਾ ਤੇ ਫਿਰ ਇਹ ਲੋਕ ਉਕਤੀ ਪ੍ਰਚੱਲਿਤ ਹੋ ਗਈ:

'ਦਾਲ ਰੋਟੀ ਘਰ ਦੀ, ਦੀਵਾਲੀ ਅੰਮ੍ਰਿਤਸਰ ਦੀ।'

ਇਤਿਹਾਸ ਅਨੁਸਾਰ ਮੁਗਲ ਸਰਕਾਰ ਆਰੰਭ ਤੋਂ ਹੀ ਸਿੱਖ ਪੱਖ ਦੇ ਵਿਰੁੱਧ ਸੀ। ਬਾਦਸ਼ਾਹ ਜਹਾਂਗੀਰ ਨੂੰ ਸਿੱਖਾਂ ਦੀ ਵਧਦੀ ਸ਼ਕਤੀ ਨਹੀਂ ਸੀ ਭਾਉਂਦੀ। ਇਸੇ ਕਾਰਨ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦੀ ਦੇਣੀ ਪਈ ਸੀ। ਬਾਦਸ਼ਾਹ ਜਹਾਂਗੀਰ ਦਾ ਖਿਆਲ ਸੀ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨਾਲ ਸਿੱਖ ਲਹਿਰ ਮੂਲੋਂ ਦੱਬ ਜਾਵੇਗੀ, ਪਰ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਪਿੱਛੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰਗੱਦੀ 'ਤੇ ਬਿਰਾਜਮਾਨ ਹੁੰਦਿਆਂ ਹੀ ਮੀਰੀ ਪੀਰੀ ਦੀਆਂ ਤਲਵਾਰਾਂ ਪਹਿਨ ਕੇ, ਸ੍ਰੀ ਅਕਾਲ ਤਖਤ ਸਾਹਿਬ ਦੀ ਸਿਰਜਣਾ ਕਰਕੇ ਤੇ ਚੰਗੇ ਘੋੜੇ ਤੇ ਬਸਤਰ ਭੇਟਾ ਹਿੱਤ ਲਿਆਉਣ ਲਈ ਹੁਕਮਨਾਮੇ ਜਾਰੀ ਕਰਕੇ ਸਪੱਸ਼ਟ ਕਰ ਦਿੱਤਾ ਕਿ ਸੱਚ ਦਾ ਚੰਦਰਮਾ ਜ਼ੁਲਮ ਦੀ ਸ਼ਕਤੀ ਨਾਲ ਢੱਕਿਆ ਨਹੀਂ ਗਿਆ, ਸਗੋਂ ਸੱਚ ਦਾ ਪ੍ਰਕਾਸ਼ ਕਰਨ ਲਈ ਹੋਰ ਚਮਕੇਗਾ।

ਜਹਾਂਗੀਰ ਕੋਲ ਇਹ ਖਬਰਾਂ ਪਹੁੰਚਣੀਆਂ ਸ਼ੁਰੂ ਹੋਈਆਂ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਿਰਜਣਾ ਕਰਕੇ ਹਥਿਆਰਬੰਦ ਸੈਨਾ ਤਿਆਰ ਕਰ ਲਈ ਤੇ ਆਪਣੇ ਆਪ ਨੂੰ ਸੱਚਾ ਪਾਤਸ਼ਾਹ ਕਹਾਉਣਾ ਸ਼ੁਰੂ ਕਰ ਦਿੱਤਾ ਹੈ। ਜਹਾਂਗੀਰ ਇਹ ਸਭ ਦੇਖ ਕੇ ਪ੍ਰੇਸ਼ਾਨ ਹੋ ਗਿਆ। ਬਾਦਸ਼ਾਹ ਜਹਾਂਗੀਰ ਨੇ ਗੁਰੂ ਜੀ ਨੂੰ ਦਿੱਲੀ ਬੁਲਾਇਆ ਤੇ ਗਵਾਲੀਅਰ ਦੇ ਕਿਲ੍ਹੇ ਵਿੱਚ ਬੰਦੀ ਬਣਾ ਲਿਆ, ਜਿਥੇ ਪਹਿਲਾਂ ਹਿੰਦੂ ਰਾਜੇ ਬੰਦੀ ਬਣਾਏ ਹੋਏ ਸਨ। ਗੁਰੂ ਜੀ ਦੀ ਗ੍ਰਿਫਤਾਰੀ ਨਾਲ ਗੁਰੂ ਦੇ ਸਿੱਖਾਂ ਵਿੱਚ ਬੇਚੈਨੀ ਵਧ ਗਈ ਕਿ ਗੁਰੂ ਅਰਜਨ ਦੇਵ ਜੀ ਵਾਂਗ ਕਿਤੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਵੀ ਸ਼ਹੀਦ ਨਾ ਕਰ ਦਿੱਤਾ ਜਾਵੇ। ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਦੀ ਅਗਵਾਈ ਵਿੱਚ ਸੰਗਤਾਂ ਮਸ਼ਾਲਾਂ ਜਗਾ ਕੇ ਗੁਰਬਾਣੀ ਪੜ੍ਹਦਿਆਂ ਗੁਰੂ ਜੀ ਦੀ ਰਿਹਾਈ ਲਈ ਸ਼ਾਂਤਮਈ ਪ੍ਰਦਰਸ਼ਨ ਕਰਦੀਆਂ। ਸਿੱਖ ਸੰਗਤਾਂ ਵੱਲੋਂ ਹੋ ਰਹੇ ਸ਼ਾਂਤਮਈ ਪ੍ਰਦਰਸ਼ਨ ਤੇ ਸਾਈ ਮੀਆਂ ਮੀਰ ਵਰਗੇ ਇਨਸਾਫ ਪਸੰਦ ਮੁਸਲਮਾਨਾਂ ਦੇ ਦਖਲ ਨਾਲ ਗੁਰੂ ਸਾਹਿਬ ਦੀ ਰਿਹਾਈ ਸੰਭਵ ਹੋਈ। ਗੁਰੂ ਜੀ ਨੇ ਆਪਣੇ ਨਾਲ ਬੰਦੀ 52 ਰਾਜਿਆਂ ਨੂੰ ਵੀ ਬਾਦਸ਼ਾਹ ਦੀ ਕੈਦ ਤੋਂ ਮੁਕਤ ਕਰਵਾਇਆ, ਜਿਸ ਕਰਕੇ ਗੁਰੂ ਜੀ ਨੂੰ 'ਬੰਦੀ ਛੋੜ' ਕਿਹਾ ਜਾਣ ਲੱਗਾ।

ਰਿਹਾਈ ਪਿੱਛੋਂ ਜਦੋਂ ਗੁਰੂ ਜੀ ਅੰਮ੍ਰਿਤਸਰ ਪਹੁੰਚੇ ਤਾਂ ਗੁਰੂ ਦੇ ਸਿੱਖਾਂ ਨੇ ਘਿਉ ਦੇ ਦੀਵੇ ਜਗਾ ਕੇ ਖੁਸ਼ੀ ਦਾ ਇਜ਼ਹਾਰ ਕੀਤਾ। ਉਸ ਦਿਨ ਦੀਵਾਲੀ ਸੀ, ਭਾਵੇਂ ਕਿ ਸਿੱਖਾਂ ਦਾ ਦੀਵਾਲੀ ਦੇ ਪ੍ਰੰਪਰਾਗਤ ਤਿਉਹਾਰ ਨਾਲ ਕੋਈ ਸੰਬੰਧ ਨਹੀਂ, ਪਰ ਉਸ ਦਿਨ ਤੋਂ ਸਿੱਖ ਦੀਵਾਲੀ ਨੂੰ 'ਬੰਦੀ ਛੋੜ' ਦਿਵਸ ਵਜੋਂ ਮਨਾਉਣ ਲੱਗ ਪਏ। ਹਰ ਸਾਲ ਦੀਵਾਲੀ ਦੇ ਸਮੇਂ ਖਾਲਸਾ ਪੰਥ ਇਕੱਤਰ ਹੋ ਕੇ ਪੰਥਕ ਹਿੱਤਾਂ ਲਈ ਵਿਚਾਰਾਂ ਕਰਦਾ ਤੇ ਭਵਿੱਖ ਦੀਆਂ ਯੋਜਨਾਵਾਂ ਬਣਾਉਂਦਾ ਹੈ। ਇਨ੍ਹਾਂ ਇਕੱਤਰਤਾਵਾਂ ਨੂੰ 'ਸਰਬੱਤ ਖਾਲਸਾ' ਦਾ ਨਾਂ ਦਿੱਤਾ ਜਾਂਦਾ ਤੇ ਹੋਏ ਫੈਸਲਿਆਂ ਨੂੰ ਗੁਰਮਤਾ ਕਿਹਾ ਜਾਂਦਾ ਹੈ।

ਦੀਵਾਲੀ ਵਾਲੇ ਦਿਨ ਹਰਿਮੰਦਰ ਸਾਹਿਬ ਦੇ ਕੰਪਲੈਕਸ 'ਤੇ ਮੁਕੰਮਲ ਰੂਪ ਵਿੱਚ ਦੀਪਮਾਲਾ ਕੀਤੀ ਜਾਂਦੀ ਹੈ। ਸ਼ਰਧਾਲੂਆਂ ਵੱਲੋਂ ਸਰੋਵਰ ਦੇ ਕੰਢੇ ਜਗਾਏ ਹੋਏ ਦੀਵੇ ਤੇ ਮੋਮਬੱਤੀਆਂ ਤੇ ਦੀਪਮਾਲਾ ਦਿਲਕਸ਼ ਨਜ਼ਾਰਾ ਪੇਸ਼ ਕਰਦੇ ਹਨ। ਇਤਿਹਾਸਕ ਪੱਖੋਂ ਦੇਖਿਆਂ ਪਤਾ ਲੱਗਦਾ ਹੈ ਕਿ ਇਨ੍ਹਾਂ ਦੀਵਿਆਂ ਵਿੱਚ ਤੇਲ ਨਹੀਂ, ਕੌਮਾਂ ਨੂੰ ਰੋਸ਼ਨੀ ਦੇਣ ਲਈ 'ਸ਼ਹੀਦਾਂ ਦੀ ਚਰਬੀ' ਬਲ ਰਹੀ ਹੈ। ਦੀਵਿਆਂ ਦੀ ਰੋਸ਼ਨੀ ਵਿੱਚ ਹਰਿਮੰਦਰ ਸਾਹਿਬ ਵਿੱਚੋਂ ਇਹ ਨਾਦ ਗੂੰਜਦਾ ਹੈ:

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨਾ ਕੀਜੈ॥ (ਪੰਨਾ 1412)

ਦੀਵਾਲੀ ਵਾਲੇ ਦਿਨ ਸ਼ਾਮ ਨੂੰ ਰਹਰਾਸਿ ਦੇ ਪਾਠ ਆਰੰਭ ਹੋਣ ਤੋਂ ਪਹਿਲਾਂ ਸੰਗਤਾਂ ਆਤਿਸ਼ਬਾਜ਼ੀ ਦਾ ਨਜ਼ਾਰਾ ਦੇਖਣ ਤੇ ਦਰਸ਼ਨੀ ਡਿਓੜੀ ਤੋਂ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੌਮ ਦੇ ਨਾਂ ਸੰਦੇਸ਼ ਸਰਵਣ ਕਰਨ ਲਈ ਜੁੜ ਬੈਠਦੀਆਂ ਹਨ। ਰਹਰਾਸਿ ਦੇ ਪਾਠ ਪਿੱਛੋਂ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੇ ਚਾਰ ਕੋਨਿਆਂ ਵਿੱਚੋਂ ਆਤਿਸ਼ਬਾਜ਼ੀ ਚੱਲਦੀ ਹੈ। ਮੱਸਿਆ ਦੀ ਕਾਲੀ ਰਾਤ ਵਿੱਚ ਜਗਦੇ ਦੀਵੇ ਜੀਵਨ ਦਾ ਰਾਹ ਦਿਖਾਉਂਦੇ ਹਨ। ਇਤਿਹਾਸਕ ਘਟਨਾਵਾਂ ਰੂਪਮਾਨ ਕਰਦੇ ਇਹ ਦੀਵੇ, ਸਾਨੂੰ ਪ੍ਰੇਰਨਾ ਤੇ ਉਤਸ਼ਾਹ ਬਖਸ਼ਦੇ ਹਨ।

ਸਤਿਗੁਰੂ ਦੇ ਹੁਕਮ ਵਿੱਚ ਚੱਲ ਕੇ ਹੀ ਗਿਆਨ ਦਾ ਪ੍ਰਕਾਸ਼ ਹੋ ਸਕਦਾ ਹੈ। ਲੋੜ ਹੈ ਮਨੁੱਖ ਦੇ ਮੱਸਿਆ ਰੂਪੀ ਜੀਵਨ ਦੀ ਰਾਤ ਵਿੱਚ ਗਿਆਨ ਰੂਪੀ ਦੀਵਾ ਬਾਲਣ ਦੀ। ਗੁਰੂ ਅਰਜਨ ਦੇਵ ਜੀ ਦੇ ਉਪਦੇਸ਼ ਅਨੁਸਾਰ:

ਦੁਖੁ ਅੰਧੇਰਾ ਘਰ ਤੇ ਮਿਟਿਓ॥
ਗੁਰਿ ਗਿਆਨੁ ਦ੍ਰਿੜਾਇਓ ਦੀਪ ਬਲਿਓ॥

ਆਓ! ਗਿਆਨ ਰੂਪੀ ਦੀਵੇ ਨਾਲ ਆਪਣੇ ਅੰਦਰ ਪਸਰੇ ਕੂੜ ਦੇ ਹਨੇਰੇ ਨੂੰ ਦੂਰ ਕਰੀਏ, ਤਾਂ ਹੀ ਅਸੀਂ ਦੀਵਾਲੀ ਦੇ ਦੀਵਿਆਂ ਤੋਂ ਰੋਸ਼ਨੀ ਲੈ ਕੇ ਆਪਣੇ ਗੌਰਵਮਈ ਇਤਿਹਾਸ ਤੋਂ ਜਾਣੂ ਹੋ ਸਕਦੇ ਹਾਂ।




## ਜਨਮਦਿਨ ਮੌਕੇ ਨਵਜੋਤ ਸਿੰਘ ਸਿੱਧੂ ਦੀ ਤਬੀਅਤ ਵਿਗੜੀ, ਲਿਆਂਦਾ ਗਿਆ ਹਸਪਤਾਲ



ਚੰਡੀਗੜ੍ਹ, 20 ਅਕਤੂਬਰ (ਪੋਸਟ ਬਿਊਰੋ): ਰੋਡਰੇਜ਼ ਮਾਮਲੇ ਵਿਚ ਪਟਿਆਲਾ ਜੇਲ੍ਹ ਵਿੱਚ ਸਜ਼ਾ ਕੱਟ ਰਹੇ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਦਾ ਅੱਜ ਜਨਮ ਦਿਨ ਹੈ। ਇਸਦੇ ਅਚਾਨਕ ਨਵਜੋਤ ਸਿੰਘ ਸਿੱਧੂ ਦੀ ਤਬੀਅਤ ਵਿਗੜ ਗਈ। ਜਿਸ ਤੋਂ ਬਾਅਦ ਜੇਲ੍ਹ ਪ੍ਰਸ਼ਾਸਨ ਵੱਲੋਂ ਨਵਜੋਤ ਸਿੱਧੂ ਨੂੰ ਇਲਾਜ ਲਈ ਰਾਜਿੰਦਰ ਹਸਪਤਾਲ ਲਿਆਂਦਾ ਗਿਆ ਹੈ ਅਤੇ ਕੁਝ ਦੇਰ ਇਲਾਜ ਤੋਂ ਬਾਅਦ ਸਿੱਧੂ ਨੂੰ ਮੁੜ ਪਟਿਆਲਾ ਜੇਲ੍ਹ ਭੇਜ ਦਿੱਤਾ ਗਿਆ . ਦੱਸਿਆ ਜਾ ਰਿਹਾ ਹੈ ਕਿ ਬਲੱਡ ਪ੍ਰੈਸ਼ਰ ਕਾਰਨ ਸਿੱਧੂ ਦੀ ਛਾਤੀ 'ਚ ਦਰਦ ਦੀ ਸ਼ਿਕਾਇਤ ਸੀ। ਡਾਕਟਰਾਂ ਦੀ ਟੀਮ ਉਨ੍ਹਾਂ ਦਾ ਚੈਕਅਪ ਕਰ ਰਹੀ ਹੈ। ਦੂਜੇ ਪਾਸੇ ਉਨ੍ਹਾਂ ਦੇ ਸਮਰਥਕ ਵੱਖ ਵੱਖ ਤਰੀਕਿਆਂ ਨਾਲ ਉਨ੍ਹਾਂ ਦੇ ਜਨਮਦਿਨ ਦੀਆਂ ਖੁਸ਼ੀਆਂ ਮਨਾ ਰਹੇ ਹਨ। ਚਹੇਤਿਆਂ ਦਾ ਕਹਿਣਾ ਹੈ ਕਿ ਸਾਡਾ ਨਿਧੜਕ ਤੇ ਬੇਬਾਕ ਆਗੂ ਨਵਜੋਤ ਸਿੱਧੂ ਜਲਦ ਜੇਲ੍ਹ 'ਚ ਰਿਹਾਅ ਹੋ ਕੇ ਆਉਣਗੇ। ਸਮਰਥਕ ਉਨ੍ਹਾਂ ਦੀ ਰਿਹਾਈ ਲਈ ਅਰਦਾਸਾਂ ਕਰ ਰਹੇ ਹਨ।

## ਹਾਰ ਤੋਂ ਬੁਖਲਾਏ ਕਾਂਗਰਸੀ ਆਗੂ ਲੋਕ ਭਲਾਈ ਲਈ ਕੰਮ ਕਰਨ ਵਾਲਿਆਂ ਵਿਰੁੱਧ ਮਾਣਹਾਨੀ ਦੀ ਕਰ ਰਹੇ ਨੇ ਵਰਤੋਂ : ਮੁੱਖ ਮੰਤਰੀ

**-ਮਾਨਸਾ ਦੀ ਅਦਾਲਤ ਵਿੱਚ ਪੇਸ਼ ਹੋਏ ਭਗਵੰਤ ਮਾਨ, ਦੇਸ਼ ਦੀ ਨਿਆਂ ਪ੍ਰਣਾਲੀ 'ਤੇ ਪੂਰਾ ਭਰੋਸਾ ਪ੍ਰਗਟਾਇਆ**
**-ਕਾਂਗਰਸੀ ਆਗੂ ਆਪਣੇ ਮਾੜੇ ਕੰਮ ਲੁਕਾਉਣ ਲਈ ਭਾਜਪਾ ਵਿੱਚ ਹੋ ਰਹੇ ਨੇ ਸ਼ਾਮਲ**

ਮਾਨਸਾ, 20 ਅਕਤੂਬਰ (ਪੋਸਟ ਬਿਊਰੋ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਕਿਹਾ ਕਿ ਇਸ ਸਾਲ ਦੇ ਸ਼ੁਰੂ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਆਪਣੀ ਕਰਾਰੀ ਹਾਰ ਤੋਂ ਦੁਖੀ ਤੇ ਘਬਰਾਏ ਕਾਂਗਰਸੀ ਆਗੂ ਮਾਣਹਾਨੀ ਨੂੰ ਹੁਣ ਲੋਕ ਭਲਾਈ ਅਤੇ ਸੂਬੇ ਦੀ ਤਰੱਕੀ ਲਈ ਅਣਥੱਕ ਮਿਹਨਤ ਕਰਨ ਵਾਲਿਆਂ ਵਿਰੁੱਧ ਬਦਲਾ ਲੈਣ ਦੇ ਸਾਧਨ ਵਜੋਂ ਵਰਤ ਰਹੇ ਹਨ।

ਇੱਥੇ ਸਥਾਨਕ ਅਦਾਲਤ ਵਿੱਚ ਪੇਸ਼ ਹੋਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਜਿਹੜੇ ਆਗੂ ਆਪਣੇ ਨਿੱਜੀ ਹਿੱਤਾਂ ਲਈ ਲੋਕਾਂ ਦੇ ਫਤਵੇ ਨਾਲ ਧੋਖਾ ਤੇ ਦਗਾ ਕਰਦੇ ਹਨ, ਉਹ ਹੁਣ ਸਾਡੇ ਵਿਰੁੱਧ ਮਾਣਹਾਨੀ ਦੇ ਕੇਸ ਦਾਇਰ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਸਲ ਵਿੱਚ ਅਜਿਹੇ ਵਿਅਕਤੀ ਸੂਬਾ ਸਰਕਾਰ ਦੇ ਲੋਕ ਪੱਖੀ ਫੈਸਲੇ ਦੇ ਮੱਦੇਨਜ਼ਰ ਸਰਕਾਰ ਦੀ ਵਧ ਰਹੀ ਮਕਬੂਲੀਅਤ ਤੋਂ ਡਰ ਰਹੇ ਹਨ। ਭਗਵੰਤ ਮਾਨ ਨੇ ਕਿਹਾ ਕਿ ਇਹ ਕੇਸ ਲੋਕਾਂ ਦੀ ਭਲਾਈ ਲਈ ਅਣਥੱਕ ਮਿਹਨਤ ਕਰ ਰਹੀ ਸਾਡੀ ਪਾਰਟੀ ਦੇ ਹੱਕ ਵਿੱਚ ਆਏ ਫੈਸਲੇ ਕਾਰਨ ਰੰਜਿਸ਼ ਵਜੋਂ ਦਾਇਰ ਕੀਤੇ ਜਾ ਰਹੇ ਹਨ।



ਮੁੱਖ ਮੰਤਰੀ ਨੇ ਕਿਹਾ ਕਿ ਅਜਿਹੇ ਮਾਮਲੇ ਉਨ੍ਹਾਂ ਨੂੰ ਪੰਜਾਬ ਅਤੇ ਇਸ ਦੇ ਲੋਕਾਂ ਦੀ ਭਲਾਈ ਲਈ ਫੈਸਲੇ ਲੈਣ ਤੋਂ ਨਹੀਂ ਰੋਕ ਸਕਣਗੇ। ਭਗਵੰਤ ਮਾਨ ਨੇ ਕਿਹਾ ਕਿ ਉਹ ਪੰਜਾਬ ਦੇ ਹਿੱਤਾਂ ਲਈ ਅਜਿਹੇ ਕਿਸੇ ਵੀ ਕੇਸ ਦਾ ਸਾਹਮਣਾ ਕਰਨ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਇਹ ਕਿੰਨਾ ਹਾਸੋਹੀਣਾ ਹੈ ਕਿ ਜਿਨ੍ਹਾਂ ਲੋਕਾਂ ਨੇ ਦੇਸ਼ ਨੂੰ ਲੰਬੇ ਸਮੇਂ ਤੱਕ ਬਰਬਾਦ ਕੀਤਾ, ਉਹ ਹੁਣ ਲੋਕ ਭਲਾਈ ਲਈ ਕੰਮ ਕਰਨ ਵਾਲਿਆਂ ਵਿਰੁੱਧ ਮਾਣਹਾਨੀ ਨੂੰ ਸਾਧਨ ਵਜੋਂ ਵਰਤ ਰਹੇ ਹਨ।

ਮੁੱਖ ਮੰਤਰੀ ਨੇ ਸਵਾਲ ਕੀਤਾ ਕਿ ਕਈ ਦਹਾਕਿਆਂ ਤੋਂ ਦੇਸ਼ ਨੂੰ ਲੁੱਟਣ ਵਾਲਿਆਂ ਖ਼ਿਲਾਫ਼ ਮਾਣਹਾਨੀ ਦੇ ਕੇਸ ਕਿਉਂ ਨਹੀਂ ਦਰਜ ਕੀਤੇ ਜਾਂਦੇ। ਇਸੇ ਤਰ੍ਹਾਂ ਉਨ੍ਹਾਂ ਕਿਹਾ ਕਿ ਜਿਹੜੇ ਲੋਕ ਸੱਚੇ ਦੇਸ਼ ਭਗਤਾਂ ਨੂੰ ਅੱਤਵਾਦੀ ਗਰਦਾਨਦੇ ਹਨ, ਉਨ੍ਹਾਂ ਖਿਲਾਫ ਅਜਿਹੇ ਕੇਸ ਕਿਉਂ ਨਹੀਂ ਦਰਜ ਕੀਤੇ ਜਾ ਰਹੇ। ਭਗਵੰਤ ਮਾਨ ਨੇ ਕਿਹਾ ਕਿ ਜਿਹੜੇ ਆਗੂ ਲੋਕਾਂ ਦੀਆਂ ਦੁੱਖ ਤਕਲੀਫ਼ਾਂ ਦੂਰ ਕਰਕੇ ਲੋਕਾਂ ਦੀ ਜ਼ਿੰਦਗੀ ਨੂੰ ਬਦਲਣ ਲਈ ਅਣਥੱਕ ਮਿਹਨਤ ਕਰ ਰਹੇ ਹਨ, ਉਹ ਅੱਤਵਾਦੀ ਕਿਵੇਂ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਦੁੱਖ ਦੀ ਗੱਲ ਇਹ ਹੈ ਕਿ ਅਜਿਹੇ ਸ਼ਰਾਰਤੀ ਅਨਸਰਾਂ ਵਿਰੁੱਧ ਕੋਈ ਮਾਣਹਾਨੀ ਵਰਗੀ ਕਾਰਵਾਈ ਨਹੀਂ ਹੁੰਦੀ।

ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਵੀ ਉਨ੍ਹਾਂ ਵਿਰੁੱਧ ਸੰਮਨ ਜਾਰੀ ਕੀਤੇ ਜਾਣਗੇ ਤਾਂ ਉਹ ਅਦਾਲਤ ਵਿੱਚ ਪੇਸ਼ ਹੋਣਗੇ। ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਨੂੰ ਦੇਸ਼ ਦੀ ਨਿਆਂ ਪ੍ਰਣਾਲੀ 'ਤੇ ਪੂਰਾ ਭਰੋਸਾ ਹੈ। ਉਨ੍ਹਾਂ ਕਿਹਾ ਕਿ ਅਦਾਲਤਾਂ ਬਹੁਤ ਸਤਿਕਾਰਯੋਗ ਹਨ ਅਤੇ ਉਹ ਅਦਾਲਤ ਦੇ ਹਰ ਫੈਸਲੇ ਦੀ ਪਾਲਣਾ ਕਰਨਗੇ।

ਕਾਂਗਰਸ ਪਾਰਟੀ ਦੀ ਆਲੋਚਨਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਆਗੂਆਂ ਨੇ ਸੂਬੇ ਦੀ ਦੌਲਤ ਨੂੰ ਬੇਰਹਿਮੀ ਨਾਲ ਲੁੱਟਿਆ। ਉਨ੍ਹਾਂ ਕਿਹਾ ਕਿ ਲੋਕਾਂ ਦਾ ਪੈਸਾ ਲੁੱਟਣ ਤੋਂ ਬਾਅਦ ਹੁਣ ਇਹ ਆਗੂ ਆਪਣੇ ਮਾੜੇ ਕੰਮਾਂ ਲਈ ਕਾਨੂੰਨ ਦੇ ਸ਼ਿਕੰਜੇ ਤੋਂ ਬਚ ਕੇ ਸੁਰੱਖਿਅਤ ਪਨਾਹ ਦੀ ਆਸ ਵਿੱਚ ਭਾਜਪਾ ਵਿੱਚ ਸ਼ਾਮਲ ਹੋ ਰਹੇ ਹਨ। ਹਾਲਾਂਕਿ ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕ ਇਨ੍ਹਾਂ ਨੇਤਾਵਾਂ ਨੂੰ ਉਨ੍ਹਾਂ ਦੇ ਗੁਨਾਹਾਂ ਲਈ ਕਦੇ ਮੁਆਫ ਨਹੀਂ ਕਰਨਗੇ।

## ਗੈਰ-ਕਾਨੂੰਨੀ ਅਤੇ ਨਕਲੀ ਨਸ਼ਾ ਛੁਡਾਊ ਕੇਂਦਰ ਦਾ ਕੀਤਾ ਪਰਦਾਫਾਸ਼




ਸ੍ਰੀ ਮੁਕਤਸਰ ਸਾਹਿਬ, 20 ਅਕਤੂਬਰ (ਪੋਸਟ ਬਿਊਰੋ): ਮਾਨਯੋਗ ਭਗਵੰਤ ਸਿੰਘ ਮੁੱਖ ਮੰਤਰੀ ਪੰਜਾਬ ਜੀ ਦੀਆਂ ਹਦਾਇਤਾਂ ਤਹਿਤ ਡੀ.ਜੀ.ਪੀ. ਗੌਰਵ ਯਾਦਵ, ਆਈ.ਪੀ.ਐੱਸ. ਪ੍ਰਦੀਪ ਕੁਮਾਰ ਯਾਦਵ ਅਤੇ ਆਈ.ਜੀ. ਫਰੀਦਕੋਟ ਰੇਂਜ ਵੱਲੋਂ ਨਸ਼ਿਆਂ ਖਿਲਾਫ ਮੁਹਿੰਮ ਸ਼ੁਰੂ ਕਰ ਦਿੱਤੀ ਗਈ ਹੈ ਜਿਸ ਤਹਿਤ ਸ਼ਰਾਰਤੀ ਅਨਸਰਾਂ ਖਿਲਾਫ ਕਾਰਵਾਈ ਕੀਤੀ ਜਾ ਰਹੀ ਹੈ, ਨਸ਼ਾ ਵਿਰੋਧੀ ਮੁਹਿੰਮ ਵਿੱਚ ਵੱਡੀ ਸਫਲਤਾ ਇੱਕ ਗੈਰ-ਕਾਨੂੰਨੀ ਅਤੇ ਨਕਲੀ ਨਸ਼ਾ ਛੁਡਾਊ ਕੇਂਦਰ ਦਾ ਪਰਦਾਫਾਸ਼ ਕੀਤਾ ਗਿਆ ਹੈ।

ਮਿਤੀ 19.10.2022 ਨੂੰ, ਇੱਕ ਖਾਸ ਇਨਪੁਟ 'ਤੇ ਚੱਲਦੇ ਹੋਏ, ਫਰੀਦਕੋਟ ਰੇਂਜ ਸਪੈਸ਼ਲ ਸੈੱਲ ਨੇ ਸ੍ਰੀ ਮੁਕਤਸਰ ਸਾਹਿਬ ਪੁਲਿਸ ਦੇ ਨਾਲ ਮਿਲ ਕੇ ਜੀਐੱਸਐੱਮ ਨਸ਼ਾ ਮੁਕਤੀ ਪੁਨਰਵਾਸ ਕੇਂਦਰ ਦੇ ਨਾਮ ਹੇਠ ਗੈਰ-ਕਾਨੂੰਨੀ ਨਸ਼ਾ ਛੁਡਾਊ ਕੇਂਦਰ ਦਾ ਪਰਦਾਫਾਸ਼ ਕੀਤਾ, ਜੋ ਕਿ ਪਿੰਡ ਚੱਪੀਆਂ ਵਾਲੀ ਥਾਣਾ ਸਿਟੀ ਮਲੋਟ ਦੁਆਰਾ ਚਲਾਇਆ ਜਾ ਰਿਹਾ ਹੈ। ਨਵਜੋਤ ਸਿੰਘ ਉਰਫ ਨਵੀ ਅਤੇ ਉਪਜੀਤ ਸਿੰਘ ਉਰਫ ਹਨੀ ਦੋਵੇਂ ਪੁੱਤਰ ਗੁਰਚਰਨ ਸਿੰਘ ਵਾਸੀ ਪਿੰਡ ਦਾਨੇਵਾਲਾ। ਮਾਲਕ ਖੁਦ ਵੀ ਨਸ਼ੇੜੀ ਹਨ। ਇਸ ਗੈਰ-ਕਾਨੂੰਨੀ ਅਤੇ ਜਾਅਲੀ ਨਸ਼ਾ ਛੁਡਾਊ ਕੇਂਦਰ ਨੇ 22 ਨਸ਼ੇੜੀਆਂ ਨੂੰ ਇਲਾਜ ਲਈ ਦਾਖਲ ਕਰਵਾਇਆ ਸੀ। ਛਾਪੇਮਾਰੀ ਦੌਰਾਨ ਨਵਜੋਤ ਸਿੰਘ ਉਰਫ ਨਵੀ ਅਤੇ ਉਪਜੀਤ ਸਿੰਘ ਉਰਫ ਹਨੀ ਪਾਸੋਂ 593 ਨਸ਼ੀਲੀਆਂ ਗੋਲੀਆਂ ਅਤੇ ਇੱਕ ਪਿਸਤੌਲ ਬਰਾਮਦ ਕੀਤਾ ਗਿਆ ਅਤੇ ਐਫਆਈਆਰ ਨੰਬਰ 263 ਮਿਤੀ 19.10.2022 / 22/61/1985 ਐੱਨਡੀਪੀਐੱਸ ਐਕਟ, 420, 346 ਆਈਪੀਸੀ , 25-72 54/1959 ਅਸਲਾ ਐਕਟ ਥਾਣਾ ਸਿਟੀ ਮਲੋਟ ਦਰਜ ਕੀਤਾ ਗਿਆ ਹੈ। ਸਾਰੇ ਨਸ਼ੇੜੀਆਂ ਦਾ ਹੁਣ ਸਿਵਲ ਹਸਪਤਾਲ ਮਲੋਟ ਵਿੱਚ ਪੁਨਰਵਾਸ ਕੀਤਾ ਜਾ ਰਿਹਾ ਹੈ। ਅਗਲੇਰੀ ਜਾਂਚ ਕੀਤੀ ਜਾ ਰਹੀ ਹੈ।

ਇੱਕ ਹੋਰ ਵੱਡੀ ਸਫਲਤਾ ਹਾਸਲ ਕਰਦਿਆਂ ਥਾਣਾ ਕਬਰਵਾਲਾ ਦੀ ਪੁਲਿਸ ਪਾਰਟੀ ਨੇ ਸ਼ੱਕੀ ਵਿਅਕਤੀਆਂ ਅਮਨਦੀਪ ਸਿੰਘ ਉਰਫ਼ ਅਮਨਾ ਪੁੱਤਰ ਕਾਲਾ ਸਿੰਘ ਅਤੇ ਗੁਲਾਬ ਖ਼ਾਨ ਉਰਫ਼ ਆਸ਼ੂ ਪੁੱਤਰ ਸੁਖਦੇਵ ਖ਼ਾਨ ਵਾਸੀ ਜੀਓਂਦ, ਤਹਿਸੀਲ ਫੂਲ, ਜ਼ਿਲ੍ਹਾ ਬਠਿੰਡਾ ਨੂੰ ਰੋਕ ਕੇ ਤਲਾਸ਼ੀ ਦੌਰਾਨ 6500 ਟਰਾਮਾਡੋਲ-ਹਾਈਡ੍ਰੋਕਲੋਰਾਈਡ ਬਰਾਮਦ ਕੀਤੀ। ਉਨ੍ਹਾਂ ਦੇ ਬੈਗ ਵਿਚੋਂ ਬਰਾਮਦ ਹੋਈਆਂ ਗੋਲੀਆਂ ਆਈ.ਪੀ.100 ਮਿਲੀਗ੍ਰਾਮ (ਸਾਈਪ੍ਰੇਮਲ-100 ਐਸ.ਆਰ.) ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਗਈਆਂ ਅਤੇ ਉਕਤ ਮੁਲਜ਼ਮਾਂ ਵਿਰੁੱਧ ਐਫ.ਆਈ.ਆਰ ਨੰਬਰ 162 ਮਿਤੀ 19.10.2022 ਯੂ/ਐਸ 22ਸੀ/61/1985 ਐਨ.ਡੀ.ਪੀ.ਐਸ ਐਕਟ ਪੀ.ਐਸ.ਕਬਰਵਾਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। .

## ਅੰਮ੍ਰਿਤਸਰ ਵਿਚ ਏ.ਐੱਸ.ਆਈ. ਦੀ ਰਿਵਾਲਵਰ ਵਿਚੋਂ ਗੋਲੀ ਚੱਲਣ ਨਾਲ ਨੌਜਵਾਨ ਦੀ ਮੌਤ

ਅੰਮ੍ਰਿਤਸਰ, 20 ਅਕਤੂਬਰ (ਪੋਸਟ ਬਿਊਰੋ): ਰੇਲਵੇ ਸਟੇਸ਼ਨ ਨੇੜੇ ਸਥਿਤ ਲਿਬਰਟੀ ਮਾਰਕੀਟ ਵਿੱਚ ਮੋਬਾਈਲ ਖ਼ਰੀਦਦੇ ਸਮੇਂ ਏਐਸਆਈ ਹਰਭਜਨ ਸਿੰਘ ਦੀ ਗੋਲੀ ਲੱਗਣ ਕਾਰਨ ਜ਼ਖ਼ਮੀ ਹੋਏ ਨੌਜਵਾਨ ਅੰਕੁਸ਼ ਦੀ ਮੌਤ ਹੋ ਗਈ ਹੈ। ਇਸ ਤੋਂ ਗੁੱਸੇ 'ਚ ਆਏ ਪਰਿਵਾਰਕ ਮੈਂਬਰਾਂ ਤੇ ਦੁਕਾਨਦਾਰਾਂ ਨੇ ਅਮਨਦੀਪ ਹਸਪਤਾਲ ਦੇ ਬਾਹਰ ਧਰਨਾ ਦੇ ਦਿੱਤਾ ਹੈ। ਪਰਿਵਾਰਕ ਮੈਂਬਰਾਂ ਨੇ ਦੋਸ਼ ਲਗਾਇਆ ਕਿ ਪੁਲਿਸ ਨੇ ਮਾਮਲਾ ਤਾਂ ਦਰਜ ਕਰ ਲਿਆ ਹੈ ਪਰ ਏ.ਐੱਸ.ਆਈ ਦਾ ਨਾਂ ਨਹੀਂ ਦਿੱਤਾ ਗਿਆ, ਜਿਸ ਕਾਰਨ ਉਨ੍ਹਾਂ ਨੂੰ ਇਹ ਕਦਮ ਚੁੱਕਣਾ ਪਿਆ।

ਧਰਨੇ ਕਾਰਨ ਟ੍ਰੈਫਿਕ ਜਾਮ ਹੋ ਗਿਆ ਅਤੇ ਵਾਹਨਾਂ ਦੀ ਕਤਾਰ ਲੱਗ ਗਈ, ਜਿਸ ਕਾਰਨ ਲੋਕਾਂ ਨੂੰ ਕਾਫੀ ਪ੍ਰੇਸ਼ਾਨੀ ਝੱਲਣੀ ਪਈ, ਉਥੇ ਹੀ ਪੁਲਿਸ ਅਧਿਕਾਰੀ ਮੌਕੇ 'ਤੇ ਪਹੁੰਚ ਕੇ ਲੋਕਾਂ ਨੂੰ ਸ਼ਾਂਤ ਕਰਨ ਲੱਗੇ। ਇਸੇ ਏਐਸਆਈ ਹਰਭਜਨ ਸਿੰਘ ਨੂੰ ਹਿਰਾਸਤ ਵਿੱਚ ਲੈ ਕੇ ਮੁਅੱਤਲ ਕਰ ਦਿੱਤਾ ਗਿਆ ਹੈ।




ਇਸ ਘਟਨਾ ਨੂੰ ਲੈ ਕੇ ਗੁੱਸੇ ਵਿੱਚ ਆਏ ਦੁਕਾਨਦਾਰਾਂ ਅਤੇ ਪਰਿਵਾਰਕ ਮੈਂਬਰਾਂ ਨੇ ਅਮਨਦੀਪ ਹਸਪਤਾਲ ਦੇ ਬਾਹਰ ਧਰਨਾ ਦੇ ਦਿੱਤਾ। ਇਸਦੇ ਨਾਲ ਹੀ ਪਰਿਵਾਰਕ ਮੈਂਬਰ ਏਐੱਸਆਈ ਖ਼ਿਲਾਫ ਸਖ਼ਤ ਕਾਰਵਾਈ ਦੀ ਮੰਗ ਕਰ ਰਹੇ ਹਨ। ਦੂਜੇ ਪਾਸੇ ਪੁਲਿਸ ਪ੍ਰਸ਼ਾਸਨ ਨੇ ਕਾਰਵਾਈ ਕਰਦਿਆਂ ਏ.ਐੱਸ.ਆਈ ਨੂੰ ਮੁਅੱਤਲ ਕਰ ਦਿੱਤਾ ਹੈ। ਉਸ ਖਿਲਾਫ ਵੀ ਮਾਮਲਾ ਦਰਜ ਕਰ ਲਿਆ ਗਿਆ ਹੈ। ਅੰਮ੍ਰਿਤਸਰ ਦੀ ਲਿਬਰਟੀ ਮਾਰਕੀਟ ਵਿੱਚ ਇੱਕ ਦੁਕਾਨ 'ਚ ਏ.ਐੱਸ.ਆਈ ਦੇ ਹੱਥੋਂ ਚੱਲੀ ਗੋਲੀ ਕਾਰਨ ਨੌਜਵਾਨ ਦੀ ਮੌਤ ਹੋ ਗਈ। ਜਾਣਕਾਰੀ ਅਨੁਸਾਰ ਬੁੱਧਵਾਰ ਦੁਪਹਿਰ ਏਐਸਆਈ ਹਰਭਜਨ ਸਿੰਘ ਅੰਮ੍ਰਿਤਸਰ ਰੇਲਵੇ ਸਟੇਸ਼ਨ ਦੇ ਸਾਹਮਣੇ ਸਥਿਤ ਲਿਬਰਟੀ ਮਾਰਕੀਟ ਵਿੱਚ ਮੋਬਾਈਲ ਦੀ ਦੁਕਾਨ 'ਤੇ ਮੋਬਾਈਲ ਦੇਖਣ ਆਏ ਸਨ, ਇਸ ਦੌਰਾਨ ਰਿਵਾਲਵਰ 'ਚੋਂ ਗੋਲੀ ਚੱਲ ਗਈ ਅਤੇ ਮੋਬਾਈਲ ਦਿਖਾ ਰਹੇ 27 ਸਾਲਾ ਅੰਕੁਸ਼ ਦੀ ਛਾਤੀ 'ਚ ਜਾ ਲੱਗੀ, ਇਸਦੇ ਨਾਲ ਹੀ ਉਸਦੇ ਸਾਥੀਆਂ ਨੇ ਨਜ਼ਦੀਕੀ ਹਸਪਤਾਲ 'ਚ ਦਾਖਲ ਕਰਵਾਇਆ, ਪਰ ਉਕਤ ਨੌਜਵਾਨ ਦੀ ਮੌਤ ਹੋ ਗਈ।

## ਗੱਡੀਆਂ ਦੀ ਪਾਸਿੰਗ ਮੌਕੇ ਭ੍ਰਿਸ਼ਟਚਾਰ ਕਰਨ ਵਿਚ ਸਹਿਦੋਸ਼ੀ ਏਜੰਟ ਬੇਦੀ ਵਿਜੀਲੈਂਸ ਵੱਲੋਂ ਗ੍ਰਿਫਤਾਰ

ਚੰਡੀਗੜ੍ਹ, 20 ਅਕਤੂਬਰ (ਪੋਸਟ ਬਿਊਰੋ): ਪੰਜਾਬ ਵਿਜੀਲੈਂਸ ਬਿਊਰੋ ਨੇ ਮੋਟਰ ਵਹੀਕਲ ਇੰਸਪੈਕਟਰ (ਐਮ.ਵੀ.ਆਈ.) ਜਲੰਧਰ ਦਫਤਰ ਵਿੱਚ ਵੱਲੋਂ ਪ੍ਰਾਈਵੇਟ ਏਜੰਟਾਂ ਨਾਲ ਮਿਲੀਭੁਗਤ ਕਰਕੇ ਸੰਗਠਿਤ ਭ੍ਰਿਸ਼ਟਚਾਰ ਕਰਨ ਵਿਰੁੱਧ ਦਰਜ ਮੁਕੱਦਮੇ ਵਿੱਚ ਫਰਾਰ ਚਲੇ ਆ ਰਹੇ ਪ੍ਰਾਈਵੇਟ ਏਜੰਟ ਪਰਮਜੀਤ ਸਿੰਘ ਬੇਦੀ ਵਾਸੀ ਨਿਊ ਡਿਫੈਂਸ ਕਲੋਨੀ, ਹੁਣ ਜੋਗਿੰ-ਦਰ ਨਗਰ, ਰਾਮਾ ਮੰਡੀ ਜਲੰਧਰ ਨੂੰ ਅੱਜ ਗ੍ਰਿਫਤਾਰ ਕਰ ਲਿਆ ਜਦਕਿ ਇਸ ਕੇਸ ਵਿੱਚ ਫਰਾਰ ਬਾਕੀ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਲਈ ਯਤਨ ਜਾਰੀ ਹਨ।

## ਜ਼ਿਲ੍ਹਾ ਫਰੀਦਕੋਟ ਦੀ ਹਦੂਦ ਅੰਦਰ ਡਰੋਨ ਜਾਂ ਹੋਰ ਫਲਾਇੰਗ ਅਬਜੈਕਟ ਦੀ ਵਰਤੋਂ ਕਰਨ 'ਤੇ ਪੂਰਨ ਪਾਬੰਦੀ, ਹੁਕਮ 13 ਦਸੰਬਰ 2022 ਤੱਕ ਲਾਗੂ ਰਹਿਣਗੇ

ਫਰੀਦਕੋਟ, 20 ਅਕਤੂਬਰ (ਪੋਸਟ ਬਿਊਰੋ): ਜ਼ਿਲ੍ਹਾ ਮੈਜਿਸਟ੍ਰੇਟ ਫਰੀਦਕੋਟ ਡਾ. ਰੂਹੀ ਦੁੱਗ ਆਈ.ਏ.ਐਸ., ਨੇ ਫੌਜਦਾਰੀ ਜ਼ਾਬਤਾ ਸੰਘਤਾ 1973 ਦੀ ਧਾਰਾ 144 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜਿਲਾ ਫਰੀਦਕੋਟ ਦੀ ਹਦੂਦ ਅੰਦਰ ਡਰੋਨ ਜਾਂ ਹੋਰ ਫਲਾਇੰਗ ਅਬਜੈਕਟ ਦੀ ਵਰਤੋਂ ਕਰਨ ਤੇ ਪੂਰਨ ਪਾਬੰਦੀ ਲਗਾਈ ਹੈ। ਉਨਾਂ ਦੱਸਿਆ ਕਿ ਪਿਛਲੇ ਦਿਨੀ ਜਿਲਾ ਤਰਨਤਾਰਨ ਵਿੱਚ ਡਰੋਨ



ਦੀ ਮਦਦ ਨਾਲ ਹਥਿਆਰਾਂ ਦੀ ਸਮਗਲਿੰਗ ਕਰਨ ਦੀ ਕੋਸ਼ਿਸ ਕੀਤੀ ਗਈ ਸੀ । ਇਸ ਲਈ ਉਨਾਂ ਕਿਹਾ ਕਿ ਸ਼ਰਾਰਤੀ ਅਨਸਰਾਂ ਵੱਲੋਂ ਡਰੋਨ ਦੀ ਮਦਦ ਨਾਲ ਅਮਨ ਤੇ ਕਾਨੂੰਨ ਦੀ ਸਥਿਤੀ ਨੂੰ ਭੰਗ ਕੀਤਾ ਜਾ ਸਕਦਾ ਹੈ। ਇਸ ਲਈ ਆਮ ਲੋਕਾਂ ਦੀ ਜਾਨ ਮਾਲ ਦੀ ਰਾਖੀ ਕਰਨ ਵਾਸਤੇ ਡਰੋਨ ਦੀ ਵਰਤੋਂ ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਉਨਾਂ ਕਿਹਾ ਕਿ ਜੇਕਰ ਕਿਸੇ ਵਿਅਕਤੀ ਵੱਲੋਂ ਵਿਆਹ ਸ਼ਾਦੀ ਅਤੇ ਹੋਰ ਧਾਰਮਿਕ ਸਭਿਆਚਾਰਕ ਪ੍ਰੋਗਰਾਮਾਂ ਲਈ ਡਰੋਨ ਦਾ ਇਸੇਤਮ-ਾਲ ਕੀਤਾ ਜਾਣਾ ਹੈ ਤਾਂ ਡਰੋਨ ਦਾ ਇਸਤਮਾਲ ਕਰਨ ਲਈ ਦਫਤਰ ਡਿਪਟੀ ਕਮਿਸ਼ਨਰ ਪਾਸੋਂ ਅਗਾਊਂ ਪ੍ਰਵਾਨਗੀ ਲਈ ਜਾਵੇਗੀ। ਉਨਾਂ ਕਿਹਾ ਕਿ ਦਫਤਰ ਦੀ ਬਿਨਾ ਪ੍ਰਵਾਨਗੀ ਤੇ ਡਰੋਨ ਦੀ ਵਰਤੋਂ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਦੇ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਹ ਹੁਕਮ ਮਿਤੀ 13 ਦਸੰਬਰ 2022 ਤੱਕ ਲਾਗੂ ਰਹਿਣਗੇ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ

CANADIAN
GLASS AND WINDOW

SINGH (TOCHI)
416-454-3031
647-784-8240
Email: tochisangha1@hotmail.com

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੇ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca



# ਦਿੱਲੀ ਸਰਕਾਰ ਨੇ ਮੈਟਰੋ ਕੋਰੀਡੋਰ ਲਈ 316 ਰੁੱਖਾਂ ਨੂੰ ਹਟਾਉਣ ਅਤੇ ਦੁਬਾਰਾ ਲਗਾਉਣ ਦੀ ਦਿੱਤੀ ਮਨਜ਼ੂਰੀ



ਨਵੀਂ ਦਿੱਲੀ, 20 ਅਕਤੂਬਰ (ਪੋਸਟ ਬਿਊਰੋ)- ਦਿੱਲੀ ਸਰਕਾਰ ਨੇ ਦਿੱਲੀ ਮੈਟਰੋ ਰੇਲ ਕਾਰਪੋਰੇਸ਼ਨ ਨੂੰ ਜਨਕਪੁਰੀ-ਆਰਕੇ ਆਸ਼ਰਮ ਮੈਟਰੋ ਕੋਰੀਡੋਰ ਦੇ ਨਿਰਮਾਣ ਲਈ ਡੇਰੇਵਾਲ ਨਗਰ ਤੋਂ 316 ਦਰੱਖਤਾਂ ਨੂੰ ਹਟਾਉਣ ਜਾਂ ਟ੍ਰਾਂਸਪਲਾਂਟ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਇਹ ਪ੍ਰੋਜੈਕਟ ਬਲੂ ਲਾਈਨ 'ਤੇ ਆਰ.ਕੇ. ਆਸ਼ਰਮ ਸਟੇਸ਼ਨ ਨੂੰ ਮੈਜੈਂਟਾ ਲਾਈਨ 'ਤੇ ਜਨਕਪੁਰੀ ਵੈਸਟ ਸਟੇਸ਼ਨ ਨਾਲ ਜੋੜਨ ਦਾ ਰਾਹ ਖੋਲ੍ਹੇਗਾ। ਮੁੱਖ ਮੰਤਰੀ ਦਫ਼ਤਰ ਤੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਡੇਰੇਵਾਲ ਨਗਰ ਵਿੱਚ ਇੱਕ ਪਾਰਕ ਜਨਕਪੁਰੀ-ਆਰਕੇ ਆਸ਼ਰਮ ਮੈਟਰੋ ਕੋਰੀਡੋਰ ਦੇ ਰਸਤੇ ਵਿੱਚ ਆ ਰਿਹਾ ਹੈ। ਦਿੱਲੀ ਮੈਟਰੋ ਰੇਲ ਕਾਰ-ਪੋਰੇਸ਼ਨ ਨੇ ਇਸ ਥਾਂ ਤੋਂ ਦਰੱਖਤ ਹਟਾਉਣ ਦੀ ਇਜਾਜ਼ਤ ਮੰਗੀ ਸੀ। ਇਹ ਮੰਗ ਕਾਫੀ ਸਮੇਂ ਤੋਂ ਲਟਕ ਰਹੀ ਸੀ।

ਬਿਆਨ ਵਿੱਚ ਕਿਹਾ ਗਿਆ ਹੈ ਕਿ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ 131 ਰੁੱਖਾਂ ਨੂੰ ਕੱਟਣ ਅਤੇ 185 ਨੂੰ ਹੋਰ ਥਾਵਾਂ 'ਤੇ ਲਗਾਉਣ ਦੀ ਇਜਾਜ਼ਤ ਇਸ ਸ਼ਰਤ 'ਤੇ ਦਿੱਤੀ ਹੈ ਕਿ ਮੁਆਵਜ਼ੇ ਵਜੋਂ 3160 ਨਵੇਂ ਰੁੱਖ ਲਗਾਏ ਜਾਣਗੇ। ਇੱਕ ਟਵੀਟ ਵਿੱਚ, ਮੁੱਖ ਮੰਤਰੀ ਨੇ ਕਿਹਾ, "ਅਸੀਂ ਅੱਜ ਜਨਕਪੁਰੀ ਅਤੇ ਆਰ.ਕੇ. ਆਸ਼ਰਮ ਵਿਚਕਾਰ ਇੱਕ ਨਵੇਂ ਮੈਟਰੋ ਕਾਰੀਡੋਰ ਦੇ ਨਿਰਮਾਣ ਲਈ ਰਸਤਾ ਸਾਫ਼ ਕਰ ਦਿੱਤਾ ਹੈ। ਡੀਐਮਆਰਸੀ ਨੂੰ ਪ੍ਰੋਜੈਕਟ ਵਿੱਚ ਰੁਕਾਵਟ ਪਾਉਣ ਵਾਲੇ 316 ਰੁੱਖਾਂ ਨੂੰ ਹਟਾਉਣ ਅਤੇ ਟ੍ਰਾਂਸਪਲਾਂਟ ਕਰਨ ਦੀ ਇਜਾਜ਼ਤ ਦਿੱਤੀ ਗਈ ਹੈ, ਬਸ਼ਰਤੇ ਉਹ 3160 ਨਵੇਂ ਪੌਦੇ ਲਗਾਏ। ਰੁੱਖਾਂ ਦੀ ਬਜਾਏ ਰੁੱਖਾਂ ਨੂੰ ਹਟਾਇਆ ਜਾਂ ਟ੍ਰਾਂਸਪਲਾਂਟ ਕੀਤਾ ਜਾਣਾ ਚਾਹੀਦਾ ਹੈ।

ਉਨ੍ਹਾਂ ਅੱਗੇ ਕਿਹਾ, "ਇਹ ਕੋਰੀਡੋਰ ਦਿੱਲੀ ਮੈਟਰੋ ਦੇ ਫੇਜ਼ 4 ਦਾ ਹਿੱਸਾ ਹੈ। ਇਸ ਨਾਲ ਦਿੱਲੀ ਦੇ ਇੱਕ ਹੋਰ ਵੱਡੇ ਹਿੱਸੇ ਵਿੱਚ ਹੁਣ ਮੈਟਰੋ ਤੱਕ ਆਸਾਨ ਪਹੁੰਚ ਹੋਵੇਗੀ।

# ਦਿੱਲੀ 'ਚ ਦੀਵਾਲੀ 'ਤੇ ਪਟਾਕੇ ਚਲਾਉਣ 'ਤੇ ਹੋਵੇਗੀ 6 ਮਹੀਨੇ ਦੀ ਸਜ਼ਾ

* ਪਟਾਕੇ ਵੇਚਣ ਵਾਲਾ ਜਾਵੇਗਾ 3 ਸਾਲ ਲਈ ਜੇਲ



ਨਵੀਂ ਦਿੱਲੀ, 20 ਅਕਤੂਬਰ (ਪੋਸਟ ਬਿਊਰੋ)- ਦਿੱਲੀ 'ਚ ਦੀਵਾਲੀ 'ਤੇ ਪਟਾਕੇ ਚਲਾਉਣ ਵਾਲਿਆਂ ਨੂੰ 6 ਮਹੀਨੇ ਤੱਕ ਦੀ ਕੈਦ ਅਤੇ 200 ਰੁਪਏ ਜੁਰਮਾਨਾ ਹੋ ਸਕਦਾ ਹੈ। ਇਹ ਜਾਣਕਾਰੀ ਦਿੱਲੀ ਦੇ ਵਾਤਾਵਰਣ ਮੰਤਰੀ ਗੋਪਾਲ ਰਾਏ ਨੇ ਦਿੱਤੀ ਹੈ। ਗੋਪਾਲ ਰਾਏ ਨੇ ਬੁੱਧਵਾਰ ਨੂੰ ਕਿਹਾ ਕਿ ਦਿੱਲੀ ਵਿੱਚ ਪਟਾਕਿਆਂ ਦੇ ਉਤਪਾਦਨ, ਸਟੋਰੇਜ ਅਤੇ ਵਿਕਰੀ 'ਤੇ ਵਿਸਫੋਟਕ ਐਕਟ ਦੀ ਧਾਰਾ 9ਬੀ ਦੇ ਤਹਿਤ 5000 ਰੁਪਏ ਤੱਕ ਦਾ ਜੁਰਮਾਨਾ ਅਤੇ 3 ਸਾਲ ਦੀ ਕੈਦ ਦੀ ਸਜ਼ਾ ਹੋਵੇਗੀ।

ਇਸ ਦੇ ਨਾਲ ਹੀ ਦਿੱਲੀ ਦੇ ਵਾਤਾਵਰਣ ਮੰਤਰੀ ਗੋਪਾਲ ਰਾਏ ਨੇ ਲੋਕਾਂ ਨੂੰ ਇਸ ਦੀਵਾਲੀ 'ਤੇ ਦੀਵੇ ਜਗਾਉਣ ਅਤੇ ਪਟਾਕੇ ਨਾ ਚਲਾਉਣ ਦੀ ਅਪੀਲ ਕੀਤੀ ਹੈ। ਦਿੱਲੀ ਸਰਕਾਰ ਲੋਕਾਂ ਨੂੰ ਜਾਗਰੂਕ ਕਰਨ ਲਈ ਜਨ-ਜਾਗਰੂਕ ਮੁਹਿੰਮ ਚਲਾਏਗੀ। ਇਹ ਕਨਾਟ ਪਲੇਸ ਦੇ ਸੈਂਟਰਲ ਪਾਰਕ ਤੋਂ ਸ਼ੁਰੂ ਹੋਵੇਗੀ। ਇੱਥੇ 51 ਹਜ਼ਾਰ ਦੀਵੇ ਜਗਾਏ ਜਾਣਗੇ।

ਦੀਵਾਲੀ 'ਤੇ ਪਟਾਕਿਆਂ 'ਤੇ ਪਾਬੰਦੀ ਨੂੰ ਲਾਗੂ ਕਰਨ ਲਈ ਦਿੱਲੀ 'ਚ 408 ਟੀਮਾਂ ਦਾ ਗਠਨ ਕੀਤਾ ਗਿਆ ਹੈ। ਦਿੱਲੀ ਪੁਲਿਸ ਨੇ ਸਹਾਇਕ ਪੁਲਿਸ ਕਮਿਸ਼ਨਰ ਦੀ ਅਗਵਾਈ ਹੇਠ 210 ਟੀਮਾਂ ਬਣਾਈਆਂ ਹਨ। ਜਦਕਿ ਮਾਲ ਵਿਭਾਗ ਨੇ 165 ਅਤੇ ਦਿੱਲੀ ਪ੍ਰਦੂਸ਼ਣ ਕੰਟਰੋਲ ਕਮੇਟੀ ਨੇ 33 ਟੀਮਾਂ ਦਾ ਗਠਨ ਕੀਤਾ ਹੈ। ਗੋਪਾਲ ਰਾਏ ਨੇ ਦੱਸਿਆ ਕਿ ਉਲੰਘਣਾ ਦੇ 188 ਮਾਮਲੇ ਸਾਹ-ਮਣੇ ਆਏ ਹਨ। 16 ਅਕਤੂਬਰ ਤੱਕ 2,917 ਕਿਲੋ ਪਟਾਕੇ ਜ਼ਬਤ ਕੀਤੇ ਜਾ ਚੁੱਕੇ ਹਨ।

# ਕਸ਼ਮੀਰੀ ਪੰਡਿਤ ਦੀ ਹੱਤਿਆ ਖਿਲਾਫ ਪ੍ਰਦਰਸ਼ਨ, 'ਆਪ' ਦੇ ਕਈ ਵਰਕਰ ਹਿਰਾਸਤ ਵਿਚ ਲਏ



ਜੰਮੂ, 20 ਅਕਤੂਬਰ (ਪੋਸਟ ਬਿਊਰੋ)- ਅੱਤਵਾਦੀਆਂ ਵੱਲੋਂ ਕਸ਼ਮੀਰੀ ਪੰਡਿਤ ਦੀ ਹੱਤਿਆ ਦੇ ਖਿਲਾਫ ਦੱਖਣੀ ਕਸ਼ਮੀਰ ਦੇ ਸ਼ੋਪੀਆਂ ਜ਼ਿਲ੍ਹੇ 'ਚ ਪ੍ਰਦਰਸ਼ਨ ਕੀਤਾ ਗਿਆ। ਇਸ ਦੌਰਾਨ ਆਮ ਆਦਮੀ ਪਾਰਟੀ (ਆਪ) ਦੇ ਕਈ ਵਰਕਰਾਂ ਨੂੰ ਹਿਰਾਸਤ ਵਿੱਚ ਲਿਆ ਗਿਆ। ਇਸ ਧਰਨੇ ਵਿੱਚ ਸਿਆਸੀ ਪਾਰਟੀਆਂ, ਸਮਾਜਿਕ ਜਥੇਬੰਦੀਆਂ ਵੀ ਸ਼ਾਮਲ ਹੋਈਆਂ। 'ਆਪ' ਦੇ ਜ਼ਿਲ੍ਹਾ ਵਿਕਾਸ ਕੌਂਸਲ ਮੈਂਬਰ ਟੀਐਸ ਟੋਨੀ, ਮਹਾਰਾਜ ਕ੍ਰਿਸ਼ਨ ਯੋਗੀ ਅਤੇ ਅੰਮ੍ਰਿਤ ਵਟਲ ਸਮੇਤ ਸੀਨੀਅਰ ਆਗੂਆਂ ਦੀ ਅਗਵਾਈ ਵਿੱਚ 'ਆਪ' ਵਰਕਰਾਂ ਨੇ ਪ੍ਰੈਸ ਕਲੱਬ ਦੇ ਬਾਹਰ ਪ੍ਰਦਰਸ਼ਨ ਕੀਤਾ। ਇਸ ਦੌਰਾਨ ਉਨ੍ਹਾਂ 'ਤੇ ਲਾਠੀਚਾਰਜ ਕੀਤਾ ਗਿਆ ਅਤੇ ਪੁਲਸ ਨੇ ਕੁਝ ਸਮੇਂ ਲਈ ਕਾਰਕੁਨਾਂ ਨੂੰ ਹਿਰਾਸਤ 'ਚ ਵੀ ਲਿਆ।

'ਆਪ' ਦੇ ਬੁਲਾਰੇ ਨੇ ਦਾਅਵਾ ਕੀਤਾ ਕਿ ਪੁਲਸ ਦੀ ਕਾਰਵਾਈ ਵਿੱਚ ਕਈ ਵਰਕਰ ਜ਼ਖ਼ਮੀ ਹੋਏ ਹਨ। ਉਨ੍ਹਾਂ ਕਿਹਾ, "ਅਸੀਂ ਨਿਰਦੋਸ਼ਾਂ ਦੀ ਹੱਤਿਆ ਦੇ ਵਿਰੋਧ 'ਚ ਅਤੇ ਵਾਦੀ 'ਚ ਸੁਰੱਖਿਅਤ ਮਾਹੌਲ ਯਕੀਨੀ ਬਣਾਉਣ 'ਚ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਦੀ ਅਸਫਲਤਾ ਨੂੰ ਉਜਾਗਰ ਕਰਨ ਲਈ ਇਕੱਠੇ ਹੋਏ ਸੀ।"

ਸੂਬਾ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਰਮਨ ਭੱਲਾ ਦੀ ਅਗਵਾਈ ਹੇਠ ਵੱਡੀ ਗਿਣਤੀ ਵਿੱਚ ਕਾਂਗਰਸੀ ਵਰਕਰਾਂ ਨੇ ਵੀ ਪ੍ਰਦਰਸ਼ਨ ਕੀਤਾ। ਸ਼ਨੀਵਾਰ ਨੂੰ ਦੱਖਣੀ ਕਸ਼ਮੀਰ ਦੇ ਸ਼ੋਪੀਆਂ 'ਚ ਪੂਰਨ ਕ੍ਰਿਸ਼ਨ ਭੱਟ ਦੀ ਹੱਤਿਆ ਦੇ ਪਿਛੋਕੜ 'ਚ ਭੱਲਾ ਨੇ ਕਿਹਾ ਕਿ ਸਰਕਾਰ ਹਰ ਮੋਰਚੇ 'ਤੇ ਅਸਫਲ ਰਹੀ ਹੈ। ਉਨ੍ਹਾਂ ਕਿਹਾ ਕਿ ਹਰ ਗੁਜ਼ਰਦੇ ਦਿਨ ਨਾਲ ਜੰਮੂ-ਕਸ਼ਮੀਰ ਦੇ ਹਾਲਾਤ ਵਿਗੜਦੇ ਜਾ ਰਹੇ ਹਨ ਅਤੇ ਕਸ਼ਮੀਰ ਅਤੇ ਕਸ਼ਮੀਰੀਅਤ ਦੋਵੇਂ ਖਤਰੇ ਵਿੱਚ ਹਨ। ਸ਼ਨੀਵਾਰ ਨੂੰ ਜੰਮੂ-ਕਸ਼ਮੀਰ ਦੇ ਸ਼ੋਪੀਆਂ ਜ਼ਿਲ੍ਹੇ 'ਚ ਅੱਤਵਾਦੀਆਂ ਨੇ ਇਕ ਕਸ਼ਮੀਰੀ ਪੰਡਤ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਅਧਿਕਾਰੀਆਂ ਨੇ ਦੱਸਿਆ ਕਿ ਪੂਰਨ ਕ੍ਰਿਸ਼ਨ ਭੱਟ 'ਤੇ ਦੱਖਣੀ ਕਸ਼ਮੀਰ ਜ਼ਿਲ੍ਹੇ ਦੇ ਚੌਧਰੀ ਗੁੰਡ ਇਲਾਕੇ 'ਚ ਉਨ੍ਹਾਂ ਦੀ ਰਿਹਾਇਸ਼ ਨੇੜੇ ਹਮਲਾ ਕੀਤਾ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਜ਼ਖ਼ਮੀ ਭੱਟ ਨੂੰ ਇਲਾਜ ਲਈ ਸ਼ੋਪੀਆਂ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਉਨ੍ਹਾਂ ਕਿਹਾ ਕਿ ਸੁਰੱਖਿਆ ਬਲਾਂ ਨੇ ਪੂਰੇ ਇਲਾਕੇ ਨੂੰ ਘੇਰ ਲਿਆ ਹੈ ਅਤੇ ਅੱਤਵਾਦੀਆਂ ਨੂੰ ਫੜਨ ਲਈ ਤਲਾਸ਼ੀ ਮੁਹਿੰਮ ਜਾਰੀ ਹੈ।

# ਇੰਫੋਸਿਸ ਕਰਮਚਾਰੀਆਂ ਨੂੰ ਮੈਨੇਜਰ ਦੀ ਸਹਿਮਤੀ ਨਾਲ ਹੋਰ ਅਸਥਾਈ ਨੌਕਰੀਆਂ ਕਰਨ ਦੀ ਆਗਿਆ

ਨਵੀਂ ਦਿੱਲੀ, 20 ਅਕਤੂਬਰ (ਪੋਸਟ ਬਿਊਰੋ)- ਸੂਚਨਾ ਤਕਨਾਲੋਜੀ (ਆਈ.ਟੀ.) ਕੰਪਨੀ ਇੰਫੋਸਿਸ ਨੇ ਕਰਮਚਾਰੀਆਂ ਨੂੰ ਪ੍ਰਬੰਧਕਾਂ ਦੀ ਅਗਾਊਂ ਸਹਿਮਤੀ ਨਾਲ ਨੌਕਰੀ ਦੇ ਨਾਲ-ਨਾਲ ਹੋਰ ਅਸਥਾਈ ਕੰਮ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ। ਹਾਲਾਂਕਿ, ਅਜਿਹੀਆਂ ਕਾਰਵਾਈਆਂ ਕੰਪਨੀ ਅਤੇ ਇਸਦੇ ਗਾਹਕਾਂ ਨਾਲ ਪ੍ਰਤੀਯੋਗੀ ਨਹੀਂ ਹੋਣੀਆਂ ਚਾਹੀਦੀਆਂ ਜਾਂ ਹਿੱਤਾਂ ਦੇ ਟਕਰਾਅ ਦਾ ਕਾਰਨ ਨਹੀਂ ਬਣ ਸਕਦੀਆਂ। ਕਰਮਚਾਰੀਆਂ ਨੂੰ ਭੇਜੀ ਗਈ ਸੂਚਨਾ 'ਚ ਇੰਫੋਸਿਸ ਨੇ ਵਿਸਥਾਰ 'ਚ ਦੱਸਿਆ ਕਿ ਕਰਮਚਾਰੀ ਕਿਸ ਤਰ੍ਹਾਂ 'ਗਿਗ' ਯਾਨੀ ਕੰਟਰੈਕਟ ਆਧਾਰ 'ਤੇ ਅਸਥਾਈ ਕੰਮ ਕਰ ਸਕਦੇ ਹਨ।

ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਇਸ ਕਦਮ ਨਾਲ ਕੰਪਨੀ ਨੂੰ ਨੌਕਰੀ ਛੱਡਣ ਵਰਗੀਆਂ ਕੁਝ ਚੁਣੌਤੀਆਂ ਨੂੰ ਦੂਰ ਕਰਨ ਵਿੱਚ ਮਦਦ ਮਿਲ ਸਕਦੀ ਹੈ। ਇਹ ਕਰਮਚਾਰੀਆਂ ਨੂੰ ਆਮਦਨੀ ਦਾ ਇੱਕ ਵਾਧੂ ਸਰੋਤ ਪ੍ਰਾਪਤ ਕਰਨ ਦੀ ਆਗਿਆ ਦਿੰਦਾ ਹੈ. ਇਨਫੋਸਿਸ ਨੇ ਹਾਲਾਂਕਿ 'ਗਿਗ' ਕੰਮ ਨੂੰ ਪਰਿਭਾਸ਼ਤਿ ਨਹੀਂ ਕੀਤਾ ਅਤੇ ਇਸ ਨੂੰ 'ਮੂਨਲਾਈਟਿੰਗ' ਵਜੋਂ ਨਹੀਂ ਕਿਹਾ।

ਕੰਪਨੀ ਵੱਲੋਂ ਇਹ ਫੈਸਲਾ ਅਜਿਹੇ ਸਮੇਂ 'ਚ ਲਿਆ ਗਿਆ ਹੈ ਜਦੋਂ ਆਈਟੀ ਇੰਡਸਟਰੀ 'ਚ 'ਮੂਨਲਾਈਟਿੰਗ' ਨੂੰ ਲੈ ਕੇ ਬਹਿਸ ਛਿੜੀ ਹੋਈ ਹੈ। ਜਦੋਂ ਕੋਈ ਕਰਮਚਾਰੀ ਆਪਣੀ ਰੈਗੂਲਰ ਨੌਕਰੀ ਤੋਂ ਇਲਾਵਾ ਕੋਈ ਹੋਰ ਕੰਮ ਕਰਦਾ ਹੈ ਤਾਂ ਇਸ ਨੂੰ 'ਮੂਨਲਾਈਟਿੰਗ' ਕਿਹਾ ਜਾਂਦਾ ਹੈ। ਇਸ ਤੋਂ ਪਹਿਲਾਂ ਕੰਪਨੀ ਨੇ ਸਪੱਸ਼ਟ ਕੀਤਾ ਸੀ ਕਿ ਕੰਪਨੀ 'ਮੂਨਲਾਈਟਿੰਗ' ਦਾ ਸਮਰਥਨ ਨਹੀਂ ਕਰਦੀ ਹੈ ਅਤੇ ਪਿਛਲੇ 12 ਮਹੀਨਿਆਂ ਵਿੱਚ ਦੋ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢ ਚੁੱਕੀ ਹੈ।

# ਹੈਦਰਾਬਾਦ ਨੇ 'ਵਰਲਡ ਗ੍ਰੀਨ ਸਿਟੀ' ਦਾ ਖਿਤਾਬ ਜਿੱਤਿਆ, ਸਨਮਾਨ ਹਾਸਲ ਕਰਨ ਵਾਲਾ ਦੇਸ਼ ਦਾ ਇਕਲੌਤਾ ਸ਼ਹਿਰ

ਹੈਦਰਾਬਾਦ, 20 ਅਕਤੂਬਰ (ਪੋਸਟ ਬਿਊਰੋ)- ਤੇਲੰਗਾਨਾ ਦੀ ਰਾਜਧਾਨੀ ਹੈਦਰਾਬਾਦ ਨੂੰ 'ਵਰਲਡ ਗ੍ਰੀਨ ਸਿਟੀ' ਐਵਾਰਡ ਮਿਲਿਆ ਹੈ। ਇਸ ਸੂਚੀ ਵਿੱਚ ਭਾਰਤ ਦਾ ਇੱਕੋ ਇੱਕ ਸ਼ਹਿਰ ਸ਼ਾਮਲ ਕੀਤਾ ਗਿਆ ਹੈ। ਹੈਦਰਾਬਾਦ ਨੇ ਦੱਖਣੀ ਕੋਰੀਆ ਦੇ ਜੇਜੂ ਵਿੱਚ ਆਯੋਜਿਤ ਇੰਟਰਨੈਸ਼ਨਲ ਐਸੋਸੀਏਸ਼ਨ ਆਫ ਹਾਰਟੀਕਲਚਰ ਪ੍ਰੋਡਿਊਸਰਜ਼ 2022 ਵਰਲਡ ਗ੍ਰੀਨ ਸਿਟੀ ਅਵਾਰਡ 2022 ਵਿੱਚ ਓਵਰਆਲ 'ਵਰਲਡ ਗ੍ਰੀਨ ਸਿਟੀ ਅਵਾਰਡ 2022' ਅਤੇ 'ਲਿਵਿੰਗ ਗ੍ਰੀਨ ਫਾਰ ਇਕਨਾਮਿਕ ਰਿਕਵਰੀ ਐਂਡ ਇਨਕਲੂਸਿਵ ਗਰੋਥ' ਸ਼੍ਰੇਣੀ ਵਿੱਚ



ਦੂਜਾ ਸਥਾਨ ਪ੍ਰਾਪਤ ਕੀਤਾ ਹੈ। .

ਸ਼ੁੱਕਰਵਾਰ ਨੂੰ ਜਾਰੀ ਇਕ ਅਧਿਕਾਰਤ ਰੀਲੀਜ਼ ਅਨੁਸਾਰ, ਹੈਦਰਾਬਾਦ ਇਕਲੌਤਾ ਭਾਰਤੀ ਸ਼ਹਿਰ ਹੈ ਜਿਸ ਨੂੰ ਚੁਣਿਆ ਗਿਆ ਹੈ ਅਤੇ ਇਹ ਤੇਲੰਗਾਨਾ ਅਤੇ ਭਾਰਤ ਲਈ ਮਾਣ ਵਾਲੀ ਗੱਲ ਹੈ। ਜਿਸ ਨੇ ਨਾ ਸਿਰਫ ਕੈਟਾਗਰੀ ਦਾ ਐਵਾਰਡ ਜਿੱਤਿਆ ਹੈ ਸਗੋਂ ਓਵਰਆਲ 'ਵਰਲਡ ਗ੍ਰੀਨ ਸਿਟੀ 2022' ਐਵਾਰਡ ਵੀ ਜਿੱਤਿਆ ਹੈ। ਇਹ ਐਵਾਰਡ ਸਾਰੀਆਂ 6 ਕੈਟਾਗਰੀਆਂ ਵਿੱਚ ਪ੍ਰਾਪਤ ਕੀਤਾ ਗਿਆ ਹੈ।

ਨਗਰ ਪ੍ਰਸ਼ਾਸਨ ਅਤੇ ਸ਼ਹਿਰੀ ਵਿਕਾਸ ਮੰਤਰੀ ਕੇ.ਟੀ. ਰਾਮਾ ਰਾਓ ਨੇ ਇਸ ਉਪਲਬਧੀ ਲਈ ਹੈਦਰਾਬਾਦ ਮੈਟਰੋਪੋਲੀਟਨ ਵਿਕਾਸ ਅਥਾਰਟੀ ਦੀ ਸਮੁੱਚੀ ਟੀਮ ਅਤੇ ਵਿਸ਼ੇਸ਼ ਮੁੱਖ ਸਕੱਤਰ, ਐਮ.ਏ.ਐਂਡ.ਯੂ.ਡੀ. ਅਰਵਿੰਦ ਕੁਮਾਰ ਨੂੰ ਵਧਾਈ ਦਿੱਤੀ ਹੈ। ਮੁੱਖ ਮੰਤਰੀ ਕੇ ਚੰਦਰਸ਼ੇਖਰ ਰਾਓ ਨੇ ਸ਼ਹਿਰ ਨੂੰ ਵੱਕਾਰੀ "ਇੰਟਰਨੈਸ਼ਨਲ ਐਸੋਸੀਏਸ਼ਨ ਆਫ ਹਾਰਟੀਕਲਚਰ ਪ੍ਰੋਡਿਊਸਰਜ਼" ਪੁਰਸਕਾਰ ਮਿਲਣ 'ਤੇ ਖੁਸ਼ੀ ਜ਼ਾਹਰ ਕੀਤੀ। ਉਨ੍ਹਾਂ ਕਿਹਾ ਕਿ ਇਨ੍ਹਾਂ ਅੰਤਰਰਾਸ਼ਟਰੀ ਪੁਰਸਕਾਰਾਂ ਨਾਲ ਤੇਲੰਗਾਨਾ ਅਤੇ ਦੇਸ਼ ਦਾ ਮਾਣ ਵਧਿਆ ਹੈ।


## ਰਾਸ਼ਟਰੀ ਜਨਤਾ ਦਲ ਨੇ ਲਾਲੂ ਪ੍ਰਸਾਦ ਯਾਦਵ ਨੂੰ12ਵੀਂ ਵਾਰ ਪ੍ਰਧਾਨ ਐਲਾਨਿਆ

ਨਵੀਂ ਦਿੱਲੀ, 20 ਅਕਤੂਬਰ, (ਪੋਸਟ ਬਿਊਰੋ): ਸੋਮਵਾਰ ਨੂੰ ਨਵੀਂ ਦਿੱਲੀ ਦੇ ਤਾਲਕਟੋਰਾ ਸਟੇਡੀਅਮ ਵਿਚ ਹੋਏ ਓਪਨ ਸੈਸ਼ਨ 'ਚ ਰਾਸ਼ਟਰੀ ਜਨਤਾ ਦਲ ਦੀ ਰਾਸ਼ਟਰੀ ਕਾਰਜਕਾਰੀ ਪ੍ਰੀਸ਼ਦ ਨੇ 12ਵੀਂ ਵਾਰ ਲਾਲੂ ਪ੍ਰਸਾਦ ਨੂੰ ਪਾਰਟੀ ਦੀ ਕਮਾਨ ਸੌਂਪੀ। ਰਾਸ਼ਟਰੀ ਜਨਤਾ ਦਲ ਦੇ ਵਰਕਰਾਂ ਅਤੇ ਅਹੁਦੇਦਾਰਾਂ ਨਾਲ ਭਰੇ ਹਾਲ 'ਚ ਲਾਲੂ ਪ੍ਰਸਾਦ ਅਤੇ ਬਿਹਾਰ ਦੇ ਉਪ ਮੁੱਖ ਮੰਤਰੀ ਤੇਜਸਵੀ ਯਾਦਵ ਨੇ ਭਾਜਪਾ ਅਤੇ ਕੇਂਦਰ ਸਰਕਾਰ 'ਤੇ ਜੰਮ ਕੇ ਹਮਲਾ ਬੋਲਿਆ ਤੇ ਕਿਹਾ ਭਾਜਪਾ ਨਾਲ ਸਿੱਧੀ ਟੱਕਰ ਵਿੱਚ ਆਉਣਾ ਪਵੇਗਾ। ਉਨ੍ਹਾਂ ਨੇ ਦਾਅਵਾ ਕੀਤਾ ਕਿ 2024 'ਚ ਭਾਜਪਾ ਨੂੰ ਮੂਲੀ ਵਾਂਗ ਉਖਾੜ ਸੁੱਟਾਂਗੇ। ਕਾਂਗਰਸ ਨੂੰ ਨਾਲ ਲੈ ਕੇ ਚੱਲਣ 'ਤੇ ਜ਼ੋਰ ਦਿੰਦੇ ਹੋਏ ਲਾਲੂ ਨੇ ਕਿਹਾ ਕਿ ਉਹ ਪਹਿਲਾਂ ਹੀ ਸੋਨੀਆ ਗਾਂਧੀ ਨੂੰ ਮਿਲ ਚੁੱਕੇ ਹਨ। ਇਸ ਦੌਰਾਨ ਉਨ੍ਹਾਂ ਨੇ ਕਿਹਾ ਕਿ ਸਾਰਿਆਂ ਨੂੰ ਇੱਕ ਮੰਚ 'ਤੇ ਲਿਆਉਣਾ ਪਵੇਗਾ। ਬਿਹਾਰ ਵਿੱਚ ਜੋ ਮਾਹੌਲ ਪੈਦਾ ਹੋਇਆ ਹੈ, ਉਹ ਪੂਰੇ ਦੇਸ਼ ਵਿੱਚ ਬਣਾਉਣਾ ਪਵੇਗਾ। ਰਾਸ਼ਟਰੀ ਜਨਤਾ ਦਲ ਦੇ ਵਿਸਤਾਰ ਦਾ ਸੰਕੇਤ ਦਿੰਦੇ ਹੋਏ ਲਾਲੂ ਨੇ ਕਿਹਾ ਕਿ ਅਜਿਹੇ ਸਮਾਗਮ ਹੁਣ ਸਾਰੇ ਰਾਜਾਂ ਵਿੱਚ ਆਯੋਜਿਤ ਕੀਤੇ ਜਾਣਗੇ। ਸੰਮੇਲਨ ਵਿੱਚ ਰਾਸ਼ਟਰੀ ਜਨਰਲ ਸਕੱਤਰ ਭੋਲਾ ਯਾਦਵ ਨੇ ਲਾਲੂ ਨੂੰ ਕਾਰਜਕਾਰੀ ਕਮੇਟੀ ਬਣਾਉਣ ਦਾ ਅਧਿਕਾਰ ਦਿੱਤਾ।

ਭਾਜਪਾ ਨਾਲ ਲੜਨ ਲਈ ਤੇਜਸਵੀ ਨੇ ਵਿਰੋਧੀ ਪਾਰਟੀਆਂ ਦੀ ਏਕਤਾ ਨੂੰ ਸਮੇਂ ਦੀ ਲੋੜ ਦੱਸਿਆ। ਉਨ੍ਹਾਂ ਭਾਜਪਾ ਵਿਰੋਧੀ ਪਾਰਟੀਆਂ ਨੂੰ ਇਕਜੁੱਟ ਹੋ ਕੇ ਸੰਘਰਸ਼ ਕਰਨ ਦੀ ਅਪੀਲ ਕੀਤੀ ਤੇ ਕਿਸੇ ਵੱਡੇ ਟੀਚੇ ਲਈ ਸਵਾਰਥ ਤੋਂ ਉਪਰ ਉੱਠਣ ਲਈ ਕਿਹਾ।

# ਐਨਜੀਟੀ ਨੇ ਦਿੱਲੀ ਸਰਕਾਰ 'ਤੇ ਲਗਾਇਆ 900 ਕਰੋੜ ਦਾ ਜੁਰਮਾਨਾ

* ਕਿਹਾ, 300 ਲੱਖ ਮੀਟ੍ਰਿਕ ਟਨ ਕੂੜੇ ਦਾ ਨਹੀਂ ਕੀਤਾ ਨਿਪਟਾਰਾ



ਨਵੀਂ ਦਿੱਲੀ, 20 ਅਕਤੂਬਰ (ਪੋਸਟ ਬਿਊਰੋ)- ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐਨ.ਜੀ.ਟੀ.) ਨੇ ਦਿੱਲੀ ਸਰਕਾਰ ਨੂੰ ਮਿਊਂਸਪਲ ਠੋਸ ਰਹਿੰਦ-ਖੂੰਹਦ ਦੇ ਗਲਤ ਪ੍ਰਬੰਧਨ ਲਈ ਵਾਤਾਵਰਨ ਮੁਆਵਜ਼ੇ ਵਜੋਂ 900 ਕਰੋੜ ਰੁਪਏ ਦਾ ਭੁਗਤਾਨ ਕਰਨ ਦਾ ਨਿਰਦੇਸ਼ ਦਿੱਤਾ ਹੈ। ਜਸਟਿਸ ਆਦਰਸ਼ ਕੁਮਾਰ ਗੋਇਲ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਤਿੰਨ ਲੈਂਡਫਿਲ ਸਾਈਟਾਂ (ਲਿਟਰ ਹਿੱਲਜ਼) ਗਾਜ਼ੀਪੁਰ, ਭਲਸਵਾ ਅਤੇ ਓਖਲਾ 'ਤੇ ਲਗਭਗ 80 ਫੀਸਦੀ ਕੂੜਾ ਪੁਰਾਣਾ ਹੈ ਅਤੇ ਇਸ ਦਾ ਨਿਪਟਾਰਾ ਨਹੀਂ ਕੀਤਾ ਗਿਆ ਹੈ ਅਤੇ ਇਨ੍ਹਾਂ 'ਤੇ ਪੁਰਾਣੇ ਕੂੜੇ ਦੀ ਮਾਤਰਾ ਤਿੰਨ ਸਾਈਟਾਂ 300. ਲੱਖ ਮੀਟ੍ਰਿਕ ਟਨ ਹਨ।

ਬੈਂਚ ਵਿੱਚ ਜਸਟਿਸ ਸੁਧੀਰ ਅਗਰਵਾਲ ਅਤੇ ਮਾਹਿਰ ਮੈਂਬਰ ਏ ਸੇਂਥਿਲ ਵੇਲ ਅਤੇ ਅਫਰੋਜ਼ ਅਹਿਮਦ ਵੀ ਸਨ। ਬੈਂਚ ਨੇ ਕਿਹਾ ਕਿ ਇਹ ਦ੍ਰਿਸ਼ ਰਾਸ਼ਟਰੀ ਰਾਜਧਾਨੀ ਵਿੱਚ ਵਾਤਾਵਰਣ ਸੰਕਟ ਦੀ ਭਿਆਨਕ ਤਸਵੀਰ ਪੇਸ਼ ਕਰਦਾ ਹੈ। ਬੈਂਚ ਨੇ ਕਿਹਾ, "ਸ਼ਾਸਨ ਦੀ ਘਾਟ ਕਾਰਨ ਨਾਗਰਿਕਾਂ ਨੂੰ ਐਮਰਜੈਂਸੀ ਦਾ ਸਾਹ-ਮਣਾ ਕਰਨ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ। ਮੀਥੇਨ ਅਤੇ ਹੋਰ ਹਾਨੀਕਾਰਕ ਗੈਸਾਂ ਲਗਾਤਾਰ ਨਿਕਲ ਰਹੀਆਂ ਹਨ ਅਤੇ ਧਰਤੀ ਹੇਠਲਾ ਪਾਣੀ ਦੂਸ਼ਿਤ ਹੋ ਰਿਹਾ ਹੈ। ਇਸ ਦੇ ਨਾਲ ਹੀ ਵਾਰ-ਵਾਰ ਅੱਗ ਲੱਗਣ ਦੀਆਂ ਘਟਨਾਵਾਂ ਦੇ ਬਾਵਜੂਦ ਵੀ ਸੁਰੱਖਿਆ ਦੇ ਮਾਮੂਲੀ ਉਪਾਅ ਨਹੀਂ ਅਪਣਾਏ ਗਏ।

ਐਨਜੀਟੀ ਨੇ ਕਿਹਾ ਕਿ ਮਹਿੰਗੀਆਂ ਜਨਤਕ ਜ਼ਮੀਨਾਂ 'ਤੇ ਕੂੜੇ ਦੇ ਢੇਰ ਲੱਗੇ ਹੋਏ ਹਨ। ਇੱਥੇ 152 ਏਕੜ ਜ਼ਮੀਨ ਹੈ ਅਤੇ ਸਰਕਲ ਰੇਟ 'ਤੇ ਇਸ ਦੀ ਕੀਮਤ 10,000 ਕਰੋੜ ਰੁਪਏ ਤੋਂ ਵੱਧ ਹੈ। ਨਾਗਰਿਕਾਂ ਦੇ ਅਧਿਕਾਰਾਂ ਦੀ ਘੋਰ ਉਲੰਘਣਾ ਹੋਈ ਹੈ ਅਤੇ ਸਬੰਧਤ ਅਧਿਕਾਰੀ ਵਾਤਾਵਰਣ ਅਤੇ ਲੋਕਾਂ ਦੀ ਸਿਹਤ ਦੀ ਸੁਰੱਖਿਆ ਲਈ ਉਪਾਅ ਕਰਨ ਵਿੱਚ ਅਸਫਲ ਰਹੇ ਹਨ।

# ਨਫਰਤੀ ਭਾਸ਼ਣ ਮਾਹੌਲ ਨੂੰ ਵਿਗਾੜ ਰਹੇ, ਰੋਕਣ ਦੀ ਲੋੜ: ਸੁਪਰੀਮ ਕੋਰਟ

ਨਵੀਂ ਦਿੱਲੀ, 20 ਅਕਤੂਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਨਫ਼ਰਤੀ ਭਾਸ਼ਣਾਂ 'ਤੇ ਰੋਕ ਲਗਾਉਣ ਲਈ ਸਰਕਾਰ ਨੂੰ ਫਟਕਾਰ ਲਗਾਉਂਦੇ ਹੋਏ ਕਿਹਾ ਹੈ ਕਿ ਨਫ਼ਰਤ ਭਰੇ ਭਾਸ਼ਣਾਂ 'ਤੇ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ ਹੈ। ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਯੂ ਯੂ ਲਲਿਤ ਅਤੇ ਜਸਟਿਸ ਐਸ ਰਵਿੰਦਰ ਭੱਟ ਦੀ ਬੈਂਚ ਨੇ ਇੱਕ ਪਟੀਸ਼ਨ ਦੀ ਸੁਣਵਾਈ ਦੌਰਾਨ ਕਿਹਾ ਕਿ ਨਫ਼ਰਤ ਭਰੇ ਭਾਸ਼ਣ ਨੂੰ ਤੁਰੰਤ ਰੋਕਣ ਦੀ ਲੋੜ 'ਤੇ ਸਰਕਾਰ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ ਹੈ।

